ਉਫ਼ਕ ਦੇ ਪਾਰ

ਉਫ਼ਕ ਦੇ ਪਾਰ

ਪ੍ਰਕਾਸ਼ ਸੋਹਲ, ਯੂ.ਕੇ.

ਏਸ਼ੀਆ ਵਿਜ਼ਨਜ਼
ਲੁਧਿਆਣਾ

Poetry/PunjabiPoetry

Ufaq dey Paar

©By

Parkash Sohal
Email: kpsohal@aol.com
Website: www.parkashsohal.uk
Mobile: 44 777 90 82529
Twitter: @parkashsohal

ISBN : 978-1-63587-657-4
2017
Rs.150/-

Title : Janmeja Johl

Published by
ASIA VISIONS
199, Karnail Singh Nagar 2,
Pakhowal Road, Ludhiana
98159-45018 India
1-732-637-0579 USA
info@psaldh.com

ਸਮਰਪਣ

ਸਵਰਗਾਂ ਵਿਚ ਨਿਵਾਸ ਰੱਖਦੇ ਮੇਰੀ ਬੀਜੀ, ਬਾਊ ਜੀ ਤੇ ਹੁਣ ਉਹਨਾਂ ਦੇ ਗਵਾਂਢੀ ਜਾ ਬਣੇ, ਮੇਰੇ ਸਾਸੂ ਬੀਜੀ ਭਜਨ ਕੌਰ ਅਟਵਾਲ ਜੀ, ਜੋ ਸਦਾ ਮੇਰੇ ਦਿਲ ਵਿਚ ਵੱਸਦੇ ਨੇ, ਦੇ ਚਰਣਾਂ ਵਿਚ ਆਦਰ ਸਹਿਤ ਸਮਰਪਣ!

***

ਏਸੇ ਕ਼ਲਮ ਤੋਂ:-

- ਧੁਆਂਖ਼ੀ ਆਸ ਦਾ ਸਫ਼ਰ (ਨਾਵਲ)
- ਮੇਰੀਆਂ ਮੇਰੇ ਨਾਲ ਗੱਲਾਂ (ਕਵਿਤਾ)
- ਇਕ ਕਵਿਤਾ ਹੋ ਗਈ (ਕਵਿਤਾ)
- ਧੁਆਂਕੀ ਆਸ ਕਾ ਸਫ਼ਰ (ਹਿੰਦੀ ਅਨੁਵਾਦ)
- At Night You Sleep Alone (English Novel)
- ਮੰਗਵੀਂ ਕਹਾਣੀ (ਨਾਵਲ)
- ਓਹ ਪਿੱਛੇ ਮੁੜ ਗਿਆ ਹੋਣਾ (ਨਜ਼ਮ ਤੇ ਗ਼ਜ਼ਲ)
- ਰਮਜ਼ਾਂ ਨਾਲ (ਕਵਿਤਾ)

ਕੀ ਤੇ ਕਿਥੇ

ਹਲ਼ਫ਼ੀਆ ਬਿਆਨ 10
ਸਮਾਜਿਕ ਨੈਤਕਦਾ ਦਾ ਪ੍ਰਕਾਸ਼ ਹੈ, 'ਪ੍ਰਕਾਸ਼ ਸੋਹਲ ਯੂ ਕੇ' 12
ਜੀਂਦੇ ਅਸੀਂ ਨਹੀਂ ਹਾਂ... 20
ਮੁੜ ਆਵਾਂਗਾ ਕਿਸੇ ਰੋਜ਼... 21
ਪੱਲ ਦੋ ਪੱਲ ਲਈ... 22
ਤਾਲਾਸ਼ ਖਤਮ ਕਰ ਦੇਵੋ... 23
ਕੱਲ ਓਹ ਬਹੁਤ ਸੀ ਰੋਇਆ 24
ਹੰਝੂ ਇਕ ਦੋ ਹੀ ਹੁੰਦੇ ਨੇ... 25
ਉਹ ਤਾਂ ਮੇਰੇ ਵਿਚ ਹੀ ਸੀ ਲੁੱਕਿਆ... 26
ਕਦਮ ਪੁੱਟਣ ਤੋਂ ਪਹਿਲਾਂ... 27
ਹਰ ਵਕਤ ਉਦਾਸੀ ਅੱਛੀ ਨਹੀਂ 28
ਆਸ਼ਾਵਾਂ ਦੇ ਸੂਰਜ 29
ਰਿਸ਼ਤਿਆਂ ਦੀ ਅਹਿਮੀਅਤ 30
ਗੁੰਮਰਾਹ ਨਾ ਕਰ 31
ਮੇਰੇ ਇਸ਼ਕ ਦਾ ਜਨੂੰਨ 32
ਤੂੰ ਨਾ ਮੇਰੀ ਤਾਲਾਸ਼ ਕਰ 33
ਰੰਗੀਨਿਆਂ ਦੇ ਝਾਂਸੇ ਚ ਆ 34
ਕਸ਼ਤੀ ਜੇ ਮਿਲੀ ਕਦੇ 35
ਫ਼ਾਸਲੇ ਵੱਧਦੇ ਗਏ 36
ਇਕ ਵਾਰ ਗਲ਼ ਬਾਹਾਂ ਪਾ ਕੇ 37
ਡਰਦਾ ਸੀ ਮੇਰੀ ਲਾਟ 38
ਚੱਲਣਾ ਹੈ ਤਾਂ ਆ ਫ਼ਿਰ ਚਲੀਏ 39
ਮੇਰਾ ਹੁਣ ਇਸ ਸ਼ਹਿਰ ਨਾਲ 41
ਇਕ ਭਰਮ 42
ਘਰ ਆਪਣੇ ਵਿਚ ਰਹਿੰਦਾਂ 44
ਤੇਰੇ ਚਲੇ ਜਾਣੇ ਦੇ ਬਾਦ 45
ਏਹ ਦਿਲ ਠਰਦਾ ਹੀ ਜਾਂਦਾ ਹੈ 47

ਤੈਨੂੰ ਆਖਿਆ ਤਾਂ ਸੀ ਸੱਜਣਾ! 48
ਅਜੇ ਧੁੰਦ ਸਹੀ 49
ਚਲੋ! ਜ਼ਰਾ ਜ਼ਰਾ ਕਰਕੇ ਹੀ 51
ਉਹ ਘਰ ਦੇ ਬਾਹਰ ਤਾਂ ਆਏ 52
ਉਹ ਇਕ ਵਕਤ ਸੀ ਜਦੋਂ ਮੈਂ 53
ਰੁੱਸਣ ਰੁਸਾਣਾ ਬਹੁਤ ਹੋ ਗਿਆ 54
ਕੁਛ ਯਾਦਾਂ ਸਹਾਰੇ ਓਸ... 55
ਆਪਣੇ ਆਪ ਨਾਲ 56
ਮੈਂ ਹਾਜ਼ਰ ਨਹੀਂ ਹਾਂ ਏਥੇ 57
ਵਕਤ ਗੁਜ਼ਰ ਗਿਆ ਭਾਈ... 58
ਦੇਖਦੇ ਹੀ ਦੇਖਦੇ 59
ਪੱਲ ਦੋ ਪੱਲ ਲਈ 60
ਕਹਿ ਦਿਉ ਉਸਨੂੰ ਕੋਈ 61
ਸੁੱਤਾ ਨਹੀਂ, ਉਨੀਂਦਾ ਹਾਂ 63
ਰਾਹਾਂ 'ਚ ਚੱਲਦਾ 64
ਏਹ ਕੈਸਾ ਅਜਬ ਜਿਹਾ ਵਕਤ 66
ਬਨਾਮ ਖੁਦ... 67
ਖ਼ੁਦ ਉਲਝਣਾ 68
ਮੀਂਹ ਹਨੇਰੀ ਝੱਖੜਾਂ... 69
ਮੇਰੇ ਪਾਸ ਤਾਂ 70
ਹੰਝੂ ਕੀ ਕਿਰਿਆ ਸੀ ਅੱਖ ਚੋਂ 71
ਬੜੀ ਰੀਝ ਨਾਲ 72
ਬਰਬਾਦੀਆਂ ਦੇ ਕਿੱਸੇ 73
ਏਹ ਰਿਸ਼ਤਿਆਂ ਦੀ ਕਸ਼ਮਕਸ਼ 74
ਉਮਰਾ ਦੀ ਬੋਡੀ ਚਾਦਰ ਨੂੰ 75
ਰਹੇਗਾ ਮੇਰੀਆਂ ਨਜ਼ਰਾਂ ਦੇ ਆਸ ਪਾਸ 76
ਨਾਹਰੇਬਾਜ਼ੀ ਹੀ ਧਰਮ ਦੀ 77
ਏਹ ਕਿਹੜਾ ਰੱਬ ਖ਼ੁਸ਼ ਕੀਤਾ ਈ 78
ਨਾ ਉਸਨੇ ਜਾਣਿਆਂ ਸੀ 79
ਦੋਹੇ 80
ਕੋਈ ਓਹ! 81

ਐਹ ਵੀ ਚਲਦਿਆਂ ਚਲਦੇ 83
ਜਦ ਕਦੇ ਵੀ ਓਹ ਵਿਚਾਰਾ !.. 84
ਕੋਲੋਂ ਦੀ ਜੋ ਲੰਘ ਗਈ..... 85
ਜੇ ਕੁਝ ਵੀ ਨਹੀਂ ਹਾਂ ਮੈਂ 86
ਪੱਥਰਾਂ ਨੂੰ ਰੱਬ ਮੰਨ ਕੇ 87
ਹਵਾ ਦਾ ਜ਼ੋਰ ਹੈ 88
ਠਰਦਾ ਜਾ ਰਿਹਾਂ ਪਿਆਰਿਆ ਆਜਾ 90
ਮੈਂ ਉਹ ਨਹੀਂ ਰਿਹਾ 91
ਹਵਾਵਾਂ..... 92
ਸਮਸਤ ਰਦੀਫ਼ ਦੀ ਗ਼ਜ਼ਲ..... 93
ਵਾਸਤਾ ਰਿਹਾ ਨਹੀਂ ਕੋਈ..... 94
ਖ਼ੱਤ ਆਪਣੇ ਲਹੂ ਚ ਲਿਖਕੇ..... 95
ਬਸ ਇਕ ਅੱਧ ਹਾਸੇ ਪਿਛੇ 96
ਸਵਰਗ ਦਾ ਸਫ਼ਰ... 98
ਮਾਂ..... 99
ਘਿਣਤ ਲੋਕ 100
ਰਾਜਨੀਤੀ... 101
ਰੋਂਦੂ ਸ਼ਹਿਰ... 102
ਬੇਸ਼ਕੀਮਤੀ ਹਾਸੇ ਹੁੰਦੇ... 103
ਆਜਾ ਮੁੜਿਆ ! ਬਹਿ ਜਾ ਕੋਲੇ 104

ਹ.ਲ਼ਫ਼ੀਆ ਬਿਆਨ

ਸਭ ਤੋ ਪਹਿਲਾਂ ਤਾਂ ਮੈਂ ਉਸਤਾਦ ਸ਼ੁਲੱਖਣ ਸਰਹੱਦੀ ਜੀ ਸ਼ੁਕਰੀਆ ਅਦਾ ਕਰਨਾ ਚਾਹਾਂਗਾ, ਜ਼ਿੰਨਾ ਮੇਰੀ, ਉਹਨਾ ਦਾ ਸ਼ਗਿਰਦ ਬਨਣ ਦੀ ਦਰਖ਼ਾਸਤ ਨੂੰ ਕਬੂਲ ਕਰ ਲਿਆ ਹੈ।ਇਸ ਤੋਂ ਵੱਧ ਮੇਰੀ ਹੋਰ ਖ਼ੁਸ਼ੀ ਕੀ ਹੋ ਸਕਦੀ ਹੈ?

ਮੈਨੂੰ ਚੱਲਦਿਆਂ ਰੱਖਣ ਲਈ ਬਹੁਤਾ ਹੱਥ, ਮੇਰੀ ਫ਼ੁੱਲਾਂ ਭਰੀ ਫ਼ੁੱਲਵਾੜੀ, ਮੇਰੇ ਬੱਚਿਆਂ, ਅੰਨੂ, ਸ਼ੀਮਾ ਸ਼ਾਲੂ ਤੇ ਕਰਨ ਦਾ ਹੈ।ਏਨੀ ਤਾਬਿਆਦਾਰ ਔਲਾਦ ਅੱਛੀਆਂ ਕਿਸਮਤਾਂ ਨਾਲ ਮਿਲਦੀ ਹੈ। ਸਭ ਹੀ ਪੜ੍ਹੇ ਲਿਖੇ ਸਿਆਣੇ ਹਨ ਤੇ ਮੈਂ ਸਦਾ ਉਹਨਾਂ ਤੋਂ ਕੁਛ ਸਿੱਖਦਾ ਤੇ ਸਿਖਾਉਂਦਾ ਰਹਿੰਦਾ ਹਾਂ। ਬਾਪ ਨਾਲੋਂ ਜ਼ਿਆਦਾ ਦੋਸਤੀ ਦਾ ਰਿਸ਼ਤਾ ਮਹਿਸੂਸ ਹੁੰਦਾ ਹੈ।

ਕਮਾਲ ਦੀ ਹੈ ਮੇਰੀ ਜੀਵਨ ਸਾਥਣ ਜਿੰਦਰ, ਜੋ ਮੇਰੇ ਵਰਗੇ ਅੱਧ ਗੁਆਚੇ ਬੰਦੇ ਨਾਲ ਨਿਭਾਹ ਕਰਦੀ ਆ ਰਹੀ ਹੈ, ਵਰ੍ਹਿਆਂ ਤੋਂ। ਬੀਵੀ ਓ ਬੀਵੀ! ਵਾਕਈ ਧੰਨ ਹੈਂ ਤੂੰ! ਲ਼ੈ, ਦਿਲ ਦੇ ਧੁਰ ਅੰਦਰੋਂ ਨਿਕਲੇ, ਦੋ ਲ਼ਫ਼ਜ਼ ਸ਼ੁਕਰੀਏ ਦੇ ਤੇਰੇ ਲਈ।

ਕੁਝ ਸਾਹਿਤਕ ਦੋਸਤਾਂ ਦਾ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਸੱਚੇ ਦਿਲੋਂ ਮੇਰੀ ਮਦਦ ਕੀਤੀ। ਹੁਣ ਤੱਕ ਮੇਰੀਆਂ ਪੰਜਾਬੀ ਵਿਚ ਛੇ ਕਿਤਾਬਾਂ ਛੱਪ ਚੁੱਕੀਆਂ ਹਨ। ਬਸ ਜੋ ਸਮੁੱਚੇ ਪੰਜਾਬੀ ਦੇ ਲੇਖਕਾਂ ਦਾ ਦੁਖਾਂਤ ਹੈ ਉਹ ਮੇਰਾ ਵੀ ਹੈ। ਕਿਤਾਬ ਬਸ ਛੱਪ ਕੇ ਪਬਲਿਸ਼ਰ ਦੇ ਵੈਅਰਹਾਊਸ ਵਿਚ ਪਈ ਰਹਿ ਜਾਂਦੀ ਹੈ, ਡਿਸਟਰੀਬਿਊਸ਼ਨ ਵਲ ਕੋਈ ਉੱਕਾ ਈ ਧਿਆਨ ਨਹੀਂ ਦਿੰਦਾ। ਫੇਸਬੁੱਕ ਤੋਂ ਸਿਵਾ ਪਾਠਕਾਂ ਦੇ ਧਿਆਨ ਵਿਚ ਲਿਆਉਣ ਦਾ ਹੋਰ ਕੋਈ ਖ਼ਾਸ ਤਰੀਕਾ ਮੈਨੂੰ ਆਉਂਦਾ ਵੀ ਨਹੀਂ ਹੈ ਤੇ ਮੈਂ ਆਦਤਨ ਹਊ ਪਰੇ ਵਾਲਾ, ਸੁੱਸਤ ਬੰਦਾ ਹਾਂ।ਮੇਰੀ ਅੱਛੀ ਕਿਸਮਤ ਨੂੰ ਮੇਰੀ ਮੁਲਕਾਤ ਰੂਪ ਦੇਵਿੰਦਰ 'ਰੂਪ' ਜੀ ਨਾਲ, ਜੋ ਪੰਜਾਬੀ ਵਿਰਸਾ ਦੇ ਟੀਵੀ ਪਰੈਜੈਂਟਰ, ਅੱਛੇ ਲੇਖਕ ਤੇ ਸੁੱਲਝੇ ਇਨਸਾਨ ਹਨ, ਉਹਨਾ ਦੇ ਸਟੂਡੀਓ ਵਿਚ ਹੋਈ। ਉਹਨਾ ਮੇਰੀਆਂ ਕਿਤਾਬਾਂ ਨੂੰ ਲੋਕਾਂ ਤੱਕ ਪੁਹੰਚਾਣ ਵਿਚ ਮੇਰੀ ਸੱਚੇ ਦਿਲੋਂ ਮਦਦ ਕੀਤੀ। ਬਹੁਤ ਸ਼ੁਕਰਗੁਜ਼ਾਰ ਹਾਂ ਉਹਨਾ ਦਾ। ਦੇਸ ਪ੍ਰਦੇਸ ਵੀਕਲੀ ਦੇ ਮੁੱਖ ਸੰਪਾਦਕ ਵਿਰਕ ਸਾਹਿਬ ਜੀ ਦਾ ਵੀ ਰਿਣੀ ਹਾਂ ਕਿ ਉਹਨਾ ਮੇਰੇ ਨਾਵਲ, 'ਮੰਗਵੀਂ ਕਹਾਣੀ' ਨੂੰ ਲੜੀਵਾਰ ਛਾਪ ਕੇ ਮੇਰੇ ਪਾਠਕਾਂ ਦਾ ਦਾਇਰਾ ਵਧਾਉਣ ਵਿਚ ਮੇਰੀ ਬਹੁਤ ਸਹਾਇਤਾ ਕੀਤੀ। ਇੰਡੀਆ ਵਿਚ ਰਹਿੰਦੇ, ਹਰ ਵਕਤ ਮਦਦ ਲਈ ਤਿਆਰ ਰਹਿੰਦੇ, ਮੇਰੇ ਪਰਮ ਮਿੱਤਰ ਤੇ ਸਲਾਹਕਾਰ ਜਨਮੇਜਾ ਸਿੰਘ ਜੋਹਲ ਜੀ ਦਾ ਵੀ ਮੈਂ ਸ਼ੁਕਰਗੁਜ਼ਾਰ ਹਾਂ।

ਹੋਰ ਵੀ ਬਹੁਤ ਨਾਮ ਨੇ ਜ਼ਿਨਾਂ ਮੇਰੀ ਰਾਹ ਦਸਾਈ ਕੀਤੀ ਤੇ ਇਕ ਐਸਾ ਹੀ ਨਾਮ ਅਨੁਭਵੀ ਤੇ ਵਾਸਤਵਿਕਤਾ ਦੇ ਪੁਜਾਰੀ ਸ ਪੂਰਨ ਸਿੰਘ ਹੋਰਾਂ ਦਾ ਹੈ ਦੂਜਾ ਹੈ ਸੁੱਲਝੇ ਇਨਸਾਨ ਰੂਪਾਂਤਰ ਦੇ ਮੁੱਖ ਐਡੀਟਰ ਧਿਆਨ ਸ਼ਾਹ ਸਕੰਦਰ ਜੀ ਦਾ। ਬਹੁਤ ਸ਼ੁਕਰ ਗੁਜ਼ਾਰ ਹਾਂ ਜੀ, ਮੇਰੀ ਸੋਚ ਨੂੰ ਜ਼ਰਾ ਕੁ ਹੋਰ ਸਾਣ ਤੇ ਲਾਉਣ ਲਈ।

ਬਹੁਤ ਸਾਰਾ ਧੰਨਵਾਦ ਹੈ ਮੇਰੇ ਫ਼ੇਸਬੁੱਕ ਤੇ ਬਣੇ ਦੋਸਤਾਂ ਦਾ, ਜੋ ਮੇਰਾ ਲਿਖਿਆ ਲਗਾਤਾਰ ਪੜ੍ਹਦੇ ਤੇ ਆਪਣੇ ਵਿਚਾਰ ਤੇ ਟਿੱਪਣੀਆਂ ਮੇਰੇ ਨਾਲ ਸਾਂਝੇ ਕਰਦੇ ਰਹਿੰਦੇ ਨੇ। ਬਹੁਤ ਦੁਆਵਾਂ ਨਿਕਲਦੀਆਂ ਨੇ ਉਹਨਾਂ ਸਭਨਾ ਲਈ। ਤੁਹਾਡਾ ਤੇਹ ਮਾਣ, ਮੇਰੀਆਂ ਲਿਖਤਾਂ ਲਈ ਆਕਸੀਜਨ ਦਾ ਕੰਮ ਕਰਦਾ ਹੈ, ਮੇਰੇ ਮਿੱਤਰ ਪਿਆਰਿਉ ਜੀਉ!

'ਪ੍ਰਕਾਸ਼ ਸੋਹਲ! ਹਾਜ਼ਰ ਹੋ...' ਇਕ ਬੁਲੰਦ ਆਵਾਜ਼, ਮੇਰੇ ਜ਼ਿਹਨ ਨੂੰ ਆ ਘੇਰਦੀ ਹੈ ਤੇ ਮੈਂ 'ਜੀ ਜਨਾਬ!' ਕਹਿ ਤੁਹਾਡੀ ਪਾਠਕਾਂ ਦੀ ਕਚਿਹਿਰੀ ਵਿਚ ਆ ਹਾਜ਼ਰ ਹੁੰਦਾ ਹਾਂ, ਤੁਹਾਡੀਆਂ ਤੇਹ ਮਾਣ ਤੇ ਮੁਹੱਬਤਾਂ ਦੀ ਉਮੀਦ ਲਈ।

ਹਾਜ਼ਰ ਹੋ ਗਿਆਂ, ਪਾਠਕਾਂ ਦੀ ਕਚਹਿਰੀ, ਫ਼ਿਰ ਤੋਂ,
ਗ਼ਜ਼ਲਾਂ, ਨਜ਼ਮਾਂ ਤੇ ਗੀਤਾਂ ਦੀ ਲੈ ਪਟਾਰੀ, ਫ਼ਿਰ ਤੋਂ।

ਤੁਹਾਡਾ ਆਪਣਾ
ਪ੍ਰਕਾਸ਼ ਸੋਹਲ

ਸਮਾਜਿਕ ਨੈਤਕਦਾ ਦਾ ਪ੍ਰਕਾਸ਼ ਹੈ, 'ਪ੍ਰਕਾਸ਼ ਸੋਹਲ ਯੂ ਕੇ'

ਪੰਜਾਬੀ ਗ਼ਜ਼ਲ ਕੇਵਲ ਪੰਜਾਬ ਵਿਚ ਹੀ ਨਹੀਂ ਸਗੋਂ ਇਹ ਹੱਦਾਂ ਸਰਹੱਦਾਂ ਤੋਂ ਪਾਰ, ਜਿੱਥੇ ਜਿੱਥੇ ਵੀ ਪੰਜਾਬੀ ਪਰਵਾਸ ਕਰ ਕੇ ਗਏ ਹਨ, ਓਥੇ ਓਥੇ ਹੀ ਇਹ ਸਿਰਜਤ ਅਵਸਥਾ ਵਿਚ ਹੈ।ਗ਼ਜ਼ਲ ਪੰਜਾਬੀਆਂ ਦੇ ਦੁੱਖਾਂ ਸੁੱਖਾਂ ਅਤੇ ਹਾਵਾਂ ਭਾਵਾਂ ਦੀ ਪੇਸ਼ਕਾਰੀ ਦਾ ਸਾਰਥਿਕ ਤੇ ਸਫ਼ਲ ਕਾਵਿ ਜਰੀਹਾ ਹੈ।ਪੰਜਾਬੀ ਕਵਿਤਾ, ਪੰਜਾਬੀ ਗ਼ਜ਼ਲ ਦੇ ਬਿਨਾ ਸੰਪੂਰਨ ਨਹੀਂ ਹੈ।ਇਸ ਸ਼ਿਅਰਕਾਰੀ ਨੇ ਕਰੋੜਾਂ ਪੰਜਾਬੀਆਂ ਦੇ ਨੈਤਿਕ ਪੱਖਾਂ ਵਿਚ ਸਮਾਨਤਾ ਅਤੇ ਆਦਰਯੋਗਤਾ ਲਿਆਂਦੀ ਹੈ।ਉਵੇਂ ਤਾਂ ਪੰਜਾਬੀ ਦੀ ਸਮੁਚੀ ਕਵਿਤਾ ਵੀ ਸਮਾਜਿਕ ਨੈਤਿਕਤਾ ਨੂੰ ਸਰਵਪ੍ਰਥਮ ਤੌਰ ਉੱਤੇ ਪੇਸ਼ ਕਰਦੀ ਰਹੀ ਹੈ ਪਰ ਅਜੋਕੀ ਸਥਿਤੀ ਵਿਚ ਗ਼ਜ਼ਲ ਮੁੱਖ ਤੌਰ ਉਤੇ ਸਮਾਜ ਵਲੋਂ ਲੱਖਾਂ ਸਾਲਾਂ ਵਿਚ ਅਰਜਿਤ ਕੀਤੀ ਨੈਤਿਕਤਾ ਅਤੇ ਜੀਵਨ ਵਿਹਾਰਾਂ ਨੂੰ ਪ੍ਰਮੁੱਖਤਾ ਨਾਲ ਪੇਸ਼ ਕਰ ਰਹੀ ਹੈ।ਪੰਜਾਬੀ ਭਾਸ਼ਾ, ਪੰਜਾਬੀ ਕਲਚਰ ਅਤੇ ਪੰਜਾਬੀ ਜਨ ਸਧਾਰਨ ਦੇ ਮੂਲ ਅਧਾਰਾਂ ਨੂੰ ਪੰਜਾਬੀ ਗ਼ਜ਼ਲ ਆਪਣੇ ਮੂਲ ਸਰੋਕਾਰਾਂ ਦੇ ਤੌਰ ਉਤੇ ਪ੍ਰਸਤੁਤ ਕਰ ਰਹੀ ਹੈ।ਇਹ ਵੀ ਖ਼ੁਸ਼ੀ ਦੀ ਗੱਲ ਹੈ ਕਿ ਗ਼ਜ਼ਲ ਦੇ ਅੰਗਾਂ ਅਤੇ ਤਕਨੀਕ ਬਣਤਰ ਨੂੰ ਸਾਰੇ ਹੀ ਪੰਜਾਬੀ ਸਮਝਣ ਦੀ ਸਮਰੱਥਾ ਵਿਚ ਹਨ।ਅਸਲ ਵਿਚ ਇਹ ਸ਼ਿਅਰੀ ਸੂਝ ਪੰਜਾਬੀਆਂ ਨੂੰ ਪੰਜਾਬੀ ਸੁਰ ਲਹਿਰੀ ਅਤੇ ਕਾਵਿ ਇਤਿਹਾਸ ਵਿਚ ਅਰਬੀ ਫ਼ਾਰਸੀ ਗ਼ਜ਼ਲ ਨੇ ਹੀ ਨਹੀਂ ਸਗੋਂ ਹਜ਼ਾਰਾਂ ਸਾਲਾਂ ਤੋਂ ਉਨ੍ਹਾਂ ਦੇ ਅੰਗ ਸੰਗ ਰਹੇ ਅਤੇ ਰਹਿ ਰਹੇ ਸ਼ਲੋਕ ਅਤੇ ਦੋਹਾ ਪਰਕ੍ਰਣ ਨੇ ਦੁਆਈ ਹੈ।ਮੈਂ ਇਸ ਸੱਚ ਵੱਲ ਗ਼ਜ਼ਲ ਦਾ ਇਤਿਹਾਸ ਲਿਖਣ ਵਾਲਿਆਂ ਦਾ ਧਿਆਨ ਦੁਆਉਣ ਵਿਚ ਕੁਝ ਸਫ਼ਲ ਵੀ ਰਿਹਾ ਹਾਂ ਕਿ ਪੰਜਾਬੀ ਗ਼ਜ਼ਲ ਦਾ ਖ਼ਮੀਰ ਰਿਗ ਵੇਦ ਹੈ ਅਤੇ ਪੰਜਾਬੀ ਵਿਚ ਜੋ ਲੱਖਾਂ ਲੱਖਾਂ ਸ਼ਲੋਕ ਅਥਵਾ ਦੋਹੇ ਹਨ, ਉਹ ਸ਼ਿਅਰ ਹੀ ਹਨ।ਸੰਸਕ੍ਰਿਤ ਤੋਂ ਬਾਦ ਉਸ ਵਿਚੋਂ ਉਗਮੀਆਂ ਅਪਭ੍ਰੰਸ਼ ਭਾਸ਼ਾਵਾਂ ਤੇ ਖਾਸ ਕਰ ਪੰਜਾਬੀ ਵਿਚਲੀ ਸ਼ਲੋਕ ਪ੍ਰੰਪਰਾ ਹੀ ਗ਼ਜ਼ਲ ਦੇ ਸ਼ਿਅਰ ਦੀ ਸਿਰਜਣਾ ਦੇ ਮੂਲ ਆਧਾਰ ਹਨ। ਅਸਾਂ ਅਰਬੀ ਤੇ ਫ਼ਾਰਸੀ ਦੀ ਗ਼ਜ਼ਲ ਤੋਂ ਵਿਸ਼ਾ ਪੱਖ ਜੇ ਕੁਝ ਸਮੇਂ ਲਈ ਗ੍ਰਹਿਣ ਵੀ ਕੀਤਾ ਤਾਂ ਜਲਦੀ ਹੀ ਇਸ ਨੂੰ ਤਿਆਗ਼ ਕੇ ਪੰਜਾਬੀ ਕਵਿਤਾ ਦੇ ਮੂਲ ਸਰੋਕਾਰ ਹੀ ਗ੍ਰਹਿਣ ਕੀਤੇ।ਹਾਂ ਜੇ ਕੁਝ ਪੱਕੇ ਤੌਰ ਉਤੇ ਗ੍ਰਹਿਣ ਕੀਤਾ ਸੀ ਤਾਂ ਏਹ ਸੀ ਗ਼ਜ਼ਲ ਦਾ ਬਾਹਰੀ ਸਟਰੱਕਚਰ। ਅਸਾਂ ਪੰਜਾਬੀ ਗ਼ਜ਼ਲ ਵਿਚ ਮਤਲਾ, ਸ਼ਿਅਰ, ਮਕਤਾ ਅਤੇ ਛੰਦ ਬਹਿਰ ਨੂੰ ਪੂਰੀ ਸ਼ਿਲਪਕਾਰੀ ਨਾਲ ਲਾਗੂ ਕੀਤਾ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਫ਼ਾਰਸੀ ਦੀ ਗ਼ਜ਼ਲ ਵਿਚ ਤੁਕਾਂਗ ਜਾਂ ਤੁੱਕ ਦੇ ਅਰਧ ਵਿਸ਼ਰਾਮ ਦਾ ਤਕਨੀਕੀ ਤੌਰ ਉਤੇ ਸਤਿਕਾਰ ਨਹੀਂ ਪਰ ਪੰਜਾਬੀ ਗ਼ਜ਼ਲ ਨੇ ਆਪਣੇ ਸ਼ਲੋਕ

ਦੇ ਪਿਤਰੀ ਸੁਭਾਅ ਦਾ ਮਾਣ ਰੱਖਦਿਆਂ ਇਸ ਤੁਕਾਂਗ ਨੂੰ ਪਰਮ ਅਵਸਥਾ ਵਿਚ ਰੱਖਿਆ। ਪੰਜਾਬੀ ਗ਼ਜ਼ਲ ਵਿਚ ਵਿਸ਼ਾ ਤਾਂ ਬਿਲਕੁਲ ਪੰਜਾਬੀ ਗ਼ਜ਼ਲ ਵਰਗਾ ਹੀ ਹੈ ਅਤੇ ਜਦ ਤਕ ਪੰਜਾਬੀ ਗ਼ਜ਼ਲ ਵਿਚੋਂ ਫ਼ਾਰਸੀ ਦੀ ਗ਼ਜ਼ਲ ਦੇ ਵਿਸ਼ੇ ਪੱਖਾਂ ਦੀ ਥਾਂ ਪੰਜਾਬੀ ਸਰੋਕਾਰਾਂ ਨੂੰ ਯੋਗ ਸਥਾਨ ਨਾ ਮਿਲਿਆ ਤਦ ਤਕ ਪੰਜਾਬੀਆਂ ਨੇ ਗ਼ਜ਼ਲ ਨੂੰ ਵੀ ਪਸੰਦ ਨਾ ਕੀਤਾ।

ਪ੍ਰਕਾਸ਼ ਸੋਹਲ ਪੰਜਾਬੀ ਦਾ ਉਘਾ ਕਵੀ ਹੈ ਜੋ ਬਰਤਾਨੀਆਂ ਵਰਗੇ ਪੌਂਡਾਂ ਦੇ ਦੇਸ਼ ਵਿਚ ਪੱਕੇ ਤੌਰ ਉਤੇ ਵੱਸ ਕੇ ਵੀ ਪੰਜਾਬੀ ਮਾਂ ਬੋਲੀ ਲਈ ਸਾਹਿਤ ਸਿਰਜਣਾ ਦਾ ਕੰਮ ਲਗਾਤਾਰ ਕਰ ਰਿਹਾ ਹੈ। ਪੰਜਾਬੀ ਗ਼ਜ਼ਲ ਨੇ ਆਪਣੀ ਸਿਰਜਣਾ ਦੇ ਸੰਦਰਭਾਂ ਨੂੰ ਪੰਜਾਬੀ ਭਾਸ਼ਾ ਦੀ ਰਖਵਾਲੀ-ਬਹਾਲੀ ਅਤੇ ਇਸ ਪਰਮੋਸ਼ਨ ਵਿਚ ਯੋਗ ਹਿੱਸਾ ਪਾਇਆ ਹੈ। ਪ੍ਰਕਾਸ਼ ਸੋਹਲ ਐਸਾ ਪੰਜਾਬੀ ਸਾਹਿਤਕਾਰ ਹੈ ਜਿਸਨੇ ਆਪਣੇ ਕਲਮ ਨੂੰ ਕਦੇ ਖ਼ੁਸ਼ਕ ਨਹੀਂ ਹੋਣ ਦਿਤਾ।ਉਸ ਨੇ ਹੁਣ ਤਕ ਇੰਗਲੈਂਡ ਰਹਿੰਦਿਆਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਉੱਚ ਪਾਏ ਦੀਆਂ ਕਿਤਾਬਾਂ ਪਾਈਆਂ ਹਨ। ਜਿਨ੍ਹਾਂ ਵਿਚੋਂ, ਧੁਆਂਖੀ ਆਸ ਦਾ ਸਫ਼ਰ, ਮੇਰੀਆਂ ਮੇਰੇ ਨਾਲ ਗੱਲਾਂ, ਇਕ ਕਵਿਤਾ ਹੋ ਗਈ, ਓਹ ਪਿੱਛੇ ਮੁੜ ਗਿਆ ਹੋਣਾ, ਮੰਗਵੀਂ ਕਹਾਣੀ ਤੇ ਰਮਜ਼ਾਂ ਆਦਿ ਕਾਫ਼ੀ ਚਰਚਿਤ ਹੋਈਆਂ ਹਨ। ਅੱਜ ਫ਼ੇਸਬੁੱਕ ਨੇ ਸੰਸਾਰ ਦੇ ਸਮੁੱਚੇ ਕਾਵਿ ਸਿਰਜਕਾਂ ਅਤੇ ਪਾਠਕਾਂ ਨੂੰ ਇਕ ਸਰਬ ਸਾਂਝਾ ਅਤੇ ਸੰਸਾਰ ਪੱਧਰੀ ਮੰਚ ਪ੍ਰਦਾਨ ਕੀਤਾ ਹੈ। ਥੋੜਾ ਹੀ ਸਮਾਂ ਪਹਿਲਾਂ ਪਰਵਾਸੀ ਸ਼ਾਇਰਾਂ ਕੋਲ ਐਸਾ ਮੰਚ ਨਹੀਂ ਸੀ ਜੋ ਸਰਹੱਦਾਂ ਦੀ ਘੇਰਾਬੰਦੀ ਤੋਂ ਪਰਾਂ ਜਾਣ ਦੀ ਸਮਰੱਥਾ ਰਖਦਾ।ਏਸੇ ਕਰਕੇ ਪਰਵਾਸੀ ਲੇਖਕਾਂ ਦੇ ਦੋ ਹਿੱਸੇ ਕਰਕੇ ਆਲੋਚਨਾ ਸਮਾਲੋਚਨਾ ਕੀਤੀ ਜਾਂਦੀ ਸੀ। ਹਰ ਸਾਹਿਤਕ ਵਿਧ ਦੇ ਦੋ ਭਾਗ ਕੀਤੇ ਜਾਂਦੇ ਸਨ (ਓ) ਮੁੱਖ ਧਾਰਾ ਦੇ ਲੇਖਕ (ਅ) ਪਰਵਾਸੀ ਲੇਖਕ। ਪਰ ਹੁਣ ਫ਼ੇਸਬੁੱਕ ਨੇ ਹੁਣ ਸਾਰੇ ਹੀ ਪੰਜਾਬੀ ਸਾਹਿਤਕਾਰਾਂ ਨੂੰ ਇਕ ਮਿਆਰ ਵਿਚ ਪਰਖਣ ਸਥਿਤੀ ਬਖ਼ਸ਼ੀ ਹੈ। ਪ੍ਰਕਾਸ਼ ਸੋਹਲ ਨੂੰ ਮੈਂ ਪਿਛਲੇ ਕਈ ਸਾਲਾਂ ਤੋਂ ਪੜ੍ਹਦਾ ਆ ਰਿਹਾ ਹਾਂ, ਉਹ ਸਿਰਜਣਾ ਦੀ ਲਗਾਤਰਤਾ ਸਦਾ ਹੀ ਬਣਾਈ ਰਖਦਾ ਹੈ।ਉਸਨੇ ਪਿਛਲੇ ਕੁਝ ਕੁ ਸਾਲਾਂ ਤੋਂ ਗ਼ਜ਼ਲ ਵੱਲ ਵੀ ਉਚੇਚਾ ਧਿਆਨ ਦਿੱਤਾ ਹੈ। ਜਦੋਂ ਕੋਈ ਪ੍ਰਕਾਸ਼ ਸੋਹਲ ਵਰਗਾ ਮੰਝਿਆਂ ਅਤੇ ਪੁਰ ਅਹਿਸਾਸਮੰਦ ਸਾਹਿਤਕਾਰ ਗ਼ਜ਼ਲ ਨੂੰ ਗੰਭੀਰਤਾ ਨਾਲ ਸਿਰਜਣ ਅਵਸਥਾ ਵਿਚ ਲਿਆਉਂਦਾ ਹੈ ਤਾਂ ਮੈਨੂੰ ਉਸਦਾ ਸਤਿਕਾਰ ਹੁੰਦਾ ਹੈ।ਅੱਜ ਪੰਜਾਬੀ ਗ਼ਜ਼ਲ ਦੀ ਜਨ ਜਨ ਤਕ ਹਰਮਨ ਪਿਆਰਤਾ ਦਾ ਕਾਰਨ ਵੀ ਸਾਰੇ ਦੇਸ਼ਾਂ ਅਤੇ ਸਮਾਜਾਂ ਦੇ ਲੋਕ ਕਵੀਆਂ ਵਲੋਂ ਗ਼ਜ਼ਲ ਸਿਰਜਣ ਦੀ ਅਕੀਦਤ ਵੀ ਹੈ।

ਮੈਨੂੰ ਪ੍ਰਕਾਸ਼ ਸੋਹਲ ਨੇ ਆਪਣੀ ਤਾਜ਼ਾ ਗ਼ਜ਼ਲ ਪੁਸਤਕ ਦਾ ਨਵੀਨ ਖਰੜਾ '**ਉਫ਼ਕ ਦੇ ਪਾਰ**' ਭੇਜ ਕੇ ਇਸ ਉਤੇ ਭੂਮਿਕਾ ਲਿਖਣ ਦੀ ਫ਼ਰਮਾਇਸ਼ ਤੇ ਆਗਿਆ ਕੀਤੀ ਹੈ। ਇਸ ਖਰੜੇ ਵਿਚ ਸੌ ਤੋਂ ਵੀ ਵਧੇਰੇ ਗ਼ਜ਼ਲਾਂ ਹਨ। ਮੈਂ ਇਸ ਖਰੜੇ ਨੂੰ ਵਾਚਿਆ ਹੈ। ਮੈਂ ਪ੍ਰਕਾਸ਼ ਸੋਹਲ ਦੀਆਂ ਗ਼ਜ਼ਲਾਂ ਨੂੰ ਇਕ ਪਾਠਕ ਦੇ ਤੌਰ ਉਤੇ ਵਾਚ ਕੇ ਆਨੰਦ ਮਾਣਿਆਂ ਹੈ ਅਤੇ ਉਸਦੇ ਮਿਆਰੀ ਖਿਆਲਾਂ ਤੋਂ ਬਹੁਤ ਮੁਤਾਸੁਰ ਹੋਇਆ ਹਾਂ। ਉਸਦੀ ਸ਼ਿਅਰਕਾਰੀ ਦਾ ਰੰਗ ਅਤੇ ਆਭਾ ਦੂਜੇ ਗ਼ਜ਼ਲਕਾਰਾਂ ਨਾਲੋਂ ਵੱਖਰੀ ਤੇ ਵਿਲੱਖਣ ਹੈ। ਉਸ ਦੇ ਮੁੱਖ ਸਰੋਕਾਰ ਸਮਾਜ ਵਿਚ ਫ਼ੈਲ ਰਹੀ ਅਨੈਤਿਕਤਾ, ਦੋਸਤੀ ਵਿਚ ਲਾਲਚ ਦੀ ਕਾਲ਼ੀ ਕੁੰਗੀ, ਰਿਸ਼ਤਿਆਂ ਵਿਚਲੀ ਪਵਿੱਤਰਤਾ ਦਾ ਫ਼ਨਾਹ ਹੋਣਾ, ਪਿਆਰ ਵਿਚੋਂ ਅਸਲੀ ਪਿਆਰ ਦਾ ਮਨਫ਼ੀ ਹੋਣਾ ਤਾਂ ਹਨ ਪਰ ਉਸਨੇ ਪੰਜਾਬੀ ਸਮਾਜਿਕਤਾ, ਆਰਥਿਕਤਾ, ਰਾਜਨੀਤਕਤਾ ਅਤੇ ਧਾਰਮਿਕਤਾ ਨੂੰ ਵੀ ਆਪਣੀਆਂ ਗ਼ਜ਼ਲਾਂ ਵਿਚ ਯੋਗਤਾ ਨਾਲ ਪੇਸ਼ ਕੀਤਾ ਹੈ। ਉਹ ਹਰ ਵਸਤ ਨੂੰ ਉਸਦੇ ਅਸਲ ਸਥਾਨ ਉਤੇ ਰੱਖਣ ਦਾ ਆਹਵਾਹਨ ਕਰਦਾ ਹੈ, ਇਸ ਲਈ ਉਹ ਬੜੇ ਭਾਵਪੂਰਤ ਤਰੀਕੇ ਨਾਲ ਸ਼ਿਅਰ ਕਹਿੰਦਾ ਹੈ:

ਗੁਲਾਬ ਤਾਂ ਬਣਿਆਂ ਸੀ ਮਹਿਕਾਂ ਤੇ ਸੁਹੱਪਣ ਲਈ,
ਗੁਲਕੰਦ ਬਣਾ ਕੇ ਅਸੀਂ ਗਰਜ਼ਾਂ ਨਿਭਾਅ ਰਹੇ ਹਾਂ।

ਅਜੋਕਾ ਆਦਮੀ ਹਰ ਵਰਤਾਰੇ ਵਿਚ ਨਕਾਬਪੋਸ਼ ਹੋ ਗਿਆ ਹੈ, ਸੋਹਲ ਕਹਿੰਦਾ ਹੈ:

ਅੰਦਰੋਂ ਮਰ ਗਿਆ ਹੈ ਬਾਹਰੋਂ ਘਰ ਸਜਾ ਰਹੇ ਹਾਂ,
ਧੂਹ ਘੜੀਸੀ ਨੂੰ ਅਸੀਂ, ਜੀਣਾ ਕਹੀ ਜਾ ਰਹੇ ਹਾਂ।

ਉਸਦਾ ਇਕ ਸ਼ਿਅਰ ਹੈ ਜੋ ਬੜਾ ਭਾਵਪੂਰਤ ਹੈ।ਬੰਦੇ ਨੂੰ ਰਿਸ਼ਤੇ ਜੋੜਦਿਆਂ ਉਮਰਾ ਲਗ ਜਾਂਦੀ ਹੈ ਪਰਤੂੰ, ਅਜੋਕਾ ਪੂੰਜੀਵਾਦ ਦਾ ਯੁਗ ਉਨ੍ਹਾਂ ਰਿਸ਼ਤਿਆਂ ਨੂੰ ਫ਼ੁੱਲ ਦੇ ਤੋੜਨ ਵਾਂਗ ਪਲ ਨਹੀਂ ਲਾਉਂਦਾ:

ਦੇਰ ਕਿੰਨੀ ਕੁ ਲਗਦੀ, ਫ਼ੁੱਲ ਨੂੰ ਤੋੜਦਿਆਂ,
ਲਗ ਜਾਂਦੀ ਪਰ ਉਮਰਾ, ਰਿਸ਼ਤੇ ਜੋੜਦਿਆਂ।

ਫ਼ੁੱਲ ਨੂੰ ਤੋੜਦਿਆਂ ਤਾਂ ਪਲ ਲਗਦਾ ਹੈ ਜੋ ਮਿਹਨਤ ਉਸ ਫ਼ੁੱਲ ਉੱਤੇ ਹੋਈ ਉਸਨੂੰ ਕੌਣ ਜਾਣੇ!

ਸੋਹਲ ਦੀ ਬਰੀਕੀਬੀਨੀ ਵੇਖੋ ਕਿ ਉਹ ਤਾਂ ਯਾਰਾਂ ਬਦਲੇ ਸੀਸ ਕਟਵਾਉਣ ਲਈ ਵੀ ਤਿਆਰ ਸੀ ਬੇਅਣਖੇ ਜਲਾਦ ਤੋਂ ਸੀਸ ਕਿਵੇਂ ਕਟਾਉਂਦਾ:

ਅਸੀਂ ਤਾਂ ਸੀਸ ਕਟਵਾਉਣ ਲਈ ਤਿਆਰ ਸਾਂ ਯਾਰੋ,
ਕੋਈ ਅਣਖ ਵਾਲਾ ਹੀ ਲੈ ਕੇ ਤਲਵਾਰ ਨਾ ਆਇਆ।

ਅੱਜ ਜੋ ਭਾਰਤ ਵਿਚ ਅਸਹਿਣਸ਼ੀਲ ਹਵਾਵਾਂ ਅਤੇ ਫ਼ਿਰਕਾਪ੍ਰਸਤੀ ਨੂੰ ਵੋਟਾਂ ਵਿਚ ਬਦਲਾਉਣ ਦੀ ਭੱਦੀ ਰਾਜਨੀਤੀ ਖੇਡੀ ਜਾ ਰਹੀ ਹੈ, ਉਸ ਬਾਰੇ ਸ਼ਾਇਰ ਕਹਿੰਦਾ ਹੈ:

ਏਹ ਕਿਸਤਰਾਂ ਦੀ ਹਵਾ ਹੈ? ਕਿਤੇ ਭਾਂਬੜ ਉਠਾ ਨ ਦੇ,
ਮੇਰੀ ਤਾਂ ਕੋਈ ਗੱਲ ਨਹੀਂ, ਮੇਰਾ ਦਿਲ ਜਲਾ ਨ ਦੇ।

ਸੋਹਲ ਪੁੱਛਦਾ ਹੈ ਕਿ ਪੰਜਾਬ ਵਿਚ ਜੇਕਰ ਕਿਸਾਨਾਂ ਦੀ ਬੰਬੀਆਂ ਦੀ ਬਿਜਲੀ ਫ਼ਰੀ ਹੈ ਫ਼ੇਰ ਵੀ ਏਹ ਕਰਜ਼ਾਈ ਹੋ ਕੇ ਮਰ ਕਿਉਂ ਰਹੇ ਨੇ। ਦਰਅਸਲ ਇਸ ਦੇ ਪਿੱਛੇ ਇਕ ਡੂੰਘੀ ਸਾਜਿਸ਼ ਹੈ। ਬੰਬੀਆ ਦੇ ਨਿੱਕੇ ਨਿੱਕੇ ਬਿੱਲ ਮਾਫ਼ ਕਰਕੇ ਕਿਸਾਨਾ ਦੀ ਜਿਣਸ ਉਤੇ ਵੱਡੇ ਵੱਡੇ ਡਾਕੇ ਮਾਰੇ ਜਾਦੇ ਹਨ।ਆੜ੍ਹਤੀਆਂ ਤੇ ਮਿੱਲਾਂ ਨਾਲ ਮਿਲਕੇ ਸਰਕਾਰਾਂ ਪੂਰਾ ਵੱਟ ਕੱਢਦੀਆਂ ਹਨ, ਸ਼ੇਅਰ ਦੇਖੋ:

ਕਿਸਾਨਾਂ ਨੂੰ ਬਿਜਲੀ ਫ਼ਰੀ ਕਾਗਜ਼ਾਂ ਚ ਤਾਂ ਦਰਜ ਹੈ,
ਫ਼ਿਰ ਉਹਨਾ ਦਾ ਹਰ ਸਾਲ ਵੱਧਦਾ ਕਿਉਂ ਕਰਜ ਹੈ!

ਗੱਲ ਜੇਕਰ ਲੋਕਾਂ ਤਕ ਹੀ ਰਹਿੰਦੀ ਤਾਂ ਸ਼ਾਇਰ ਨੂੰ ਕੋਈ ਫ਼ਰਕ ਨਹੀਂ ਸੀ ਪੈਣਾ ਪਰ ਜਦ ਪ੍ਰੇਮੀ ਦਾ ਦਿਲ ਹੀ ਏਹ ਜਾਨਣਾ ਚਾਹੇ:

ਤੇਰਾ ਮੇਰਾ ਰਿਸ਼ਤਾ ਕੀ ਏ? ਲੋਕ ਪੁੱਛਣ ਤਾਂ ਮੈਂ ਚੁੱਪ ਰਹਾਂ।
ਪਰ ਜਦ ਝੱਲਾ ਦਿਲ ਪੁੱਛ ਬਹਿੰਦਾ, ਤੂੰ ਹੀ ਦੱਸ ਮੈਂ ਕੀ ਕਹਾਂ?

ਪੱਥਰਾਂ ਤੇ ਉਕਰੇ ਨੂੰ ਤਾਂ ਮਿਟਾਉਣਾ ਸੌਖਾ ਹੈ ਪਰ ਮਨ ਮਸਤਕ ਵਿਚ ਉਕਰੀਆਂ ਯਾਦਾਂ ਨੂੰ ਕਿਵੇਂ ਭੁਲਾਵੇ?

ਪੱਥਰ ਤੇ ਉਕਰਿਆ ਮੇਟੀਏ ਚਕਨਾ ਚੂਰ ਕਰ ਦਈਏ,
ਯਾਦਾਂ ਮਿਟਾਉਣ ਦਾ ਪਰ, ਕੋਈ ਰਾਸਤਾ ਨਹੀਂ ਰਿਹਾ।

ਸ਼ਹਿਰ ਤਾਂ ਵੱਸਦਾ ਹੈ ਪਰ ਯਾਰ ਤੁਰ ਗਏ ਤਾਂ ਸ਼ਹਿਰ ਹੀ ਬੇਗਾਨਾ ਹੋ ਗਿਆ:

ਏਹ ਸ਼ਹਿਰ ਤਾਂ ਵਸਦਾ ਹੈ ਪਹਿਚਾਣੇ ਨੇ ਸਭ ਚੇਹਰੇ,
ਬਸ ਮੇਰਾ ਈ ਹੁਣ ਕਿਸੇ ਨਾਲ ਰਾਬਤਾ ਨਹੀਂ ਰਿਹਾ।

ਇਸ ਯੁਗ ਨੇ ਆਦਮੀ ਨੂੰ ਘਰ ਅੰਦਰ ਬੇਘਰ ਕਰ ਦਿੱਤਾ ਹੈ, ਉਹ ਖੁਦ ਨਾਲੋਂ ਵੀ ਬੇਆਸ਼ਾਵਾਂ ਹੋ ਗਿਆ ਹੈ।ਘਰਾਂ ਵਿਚ ਵੀ ਪਰਵਾਸ ਤੇ ਬਣਵਾਸ ਆ ਉਤਰੇ ਨੇ:

ਘਰ ਆਪਣੇ ਵਿਚ ਰਹਿੰਦਾਂ ਲੇਕਿਨ, ਭੋਗਾਂ ਜਿਵੇਂ ਬਣਬਾਸ ਜਿਹਾ,
ਕੁਝ ਵੀ ਰਹਿ ਨਾ ਜਾਂਦੈ ਬਾਕੀ, ਜਦ ਟੁੱਟ ਜਾਂਦਾ ਵਿਸ਼ਵਾਸ ਜਿਹਾ।

ਉਸਦੇ ਪੂਰੇ ਸ਼ਿਅਰ ਇਕ ਕਹਾਣੀ ਦੇ ਲਖ਼ਾਇਕ ਹਨ ਜਿਵੇਂ:

ਜਿਸਮਾਂ ਤੇ ਭਾਵੇਂ ਕਰ ਲਉ ਕਬਜ਼ਾ, ਰੂਹ ਤਾਂ ਸਦਾ ਆਜ਼ਾਦ ਰਹੇ,
ਪਿਆਰ ਤਾਂ ਇਕ ਪਹਿਚਾਣ ਹੁੰਦੀ ਹੈ ਤੇ ਨਿੱਘਾ ਅਹਿਸਾਸ ਜਿਹਾ।

ਬੀਜਿਆ ਸਿੰਜਿਆ ਵਧਿਆ ਫੁੱਲਿਆ, ਇਕ ਬੂਟਾ ਮੇਰੇ ਚਾਵਾਂ ਦਾ,
ਫੁੱਲਾਂ ਦਾ ਜਦ ਵੇਲ਼ਾ ਆਇਆ ਓਹ ਕੰਡਾ ਬਣ ਗਿਆ ਰਾਹਵਾਂ ਦਾ।

ਮੁੱਲ ਇਕ ਅੱਟੀ ਜਾਂ ਘਾਹ ਦੀ ਤਿੜ, ਬਸ ਖਰੀਦ ਲੈ ਮੈਨੂੰ,
ਲਾਵਾਰਸ ਕਹੇ ਦੁਨੀਆਂ ਤਾਂ ਏਹ ਮੰਨਜ਼ੂਰ ਨਹੀਂ ਮੈਨੂੰ।

ਬਦਨੀਤੀ ਤੇਰੀ ਨੀਯਤ 'ਚ ਹੈ, ਫ਼ਿਰ ਗੈਰਾਂ ਨੂੰ ਕਿਉਂ ਦੋਸ਼ ਦਵੇਂ,
ਲੋਕੀ ਕੰਡਿਆਂ ਤੇ ਵੀ ਤੁਰ ਲੈਂਦੇ, ਤੂੰ ਫੁੱਲਾਂ ਤੋਂ ਵੀ ਅੱਕਦਾ ਰਹੁ।

ਹਵਾਵਾਂ ਵਗਦਿਆਂ ਰਹਿਣਾ,
ਦੀਪਕ ਜਗਦਿਆਂ ਰਹਿਣਾ।

ਖੱਤ ਆਪਣੇ ਲਹੂ ਚ ਲਿਖਕੇ ਮੈਂ ਆਪੇ ਹੀ ਪਾੜ ਦਿੱਤੇ,
ਸੱਧਰਾਂ ਦੇ ਵੱਸਦੇ ਮਹਿਲ, ਆਪਣੇ ਹੱਥੀਂ ਉਜਾੜ ਦਿੱਤੇ।

ਇਹ ਸ਼ਿਅਰ ਦਾਲ ਚੋਂ ਦਾਣਾ ਹਨ। ਤੁਸੀਂ ਜੇ ਸੋਹਲ ਦੀ ਸ਼ਾਇਰੀ ਪੜ੍ਹੋਗੇ ਤਾਂ ਦੇਖੋਗੇ ਕਿ ਅਨੇਕਾਂ ਸ਼ਿਅਰ ਕਾਬਲੇ ਗ਼ੌਰ ਹਨ।

ਪ੍ਰਕਾਸ਼ ਸੋਹਲ ਸ਼ਿਅਰਕਾਰੀ ਵਿਚ ਅਨੁਭਵੀ ਤੇ ਪਰਿਤਭਾਸ਼ਾਲੀ ਹੋਣ ਦਾ ਥਾਂ ਪੁਰ ਥਾਂ ਸਬੂਤ ਦਿੰਦਾ ਹੈ। ਉਸਦੇ ਵਿਚਾਰਾਂ ਨੂੰ ਪਾਠਕ ਅਤੇ ਸਰੋਤੇ

ਸੰਵੇਦਨਾਸ਼ੀਲਤਾ ਉਤੇ ਸੂਝ ਦਾ ਤਿਖੇਰਾਪਨ ਲਿਆਉਣ ਵਿਚ ਆਸਾਨੀ ਮਹਿਸੂਸ ਕਰਦੇ ਹਨ।ਉਸਦੇ ਸ਼ਿਅਰ ਪਾਠਕਾਂ ਦੇ ਧੁਰ ਅੰਦਰ ਪ੍ਰਵੇਸ਼ ਕਰ ਕੇ ਉਸ ਨੂੰ ਗ਼ਜ਼ਲ ਟੈਕਸਟ ਪ੍ਰਤੀ ਸੁਚੇਤ ਕਰਦੇ ਹਨ। ਉਹ ਅਲੋਕਾਰੀ ਵਿਚਾਰ ਨੂੰ ਵੀ ਪੰਜਾਬੀ ਬੋਲੀ ਦੇ ਸਹਿਜ ਅੰਦਾਜ਼ ਪੇਸ਼ ਕਰ ਜਾਂਦਾ ਹੈ। ਵੇਖਣ ਨੂੰ ਉਸਦੇ ਸ਼ਿਅਰ ਸਾਦਗ਼ੀ ਭਰਪੂਰ ਲਗਦੇ ਹਨ ਪਰਤੂੰ ਉਸਦੇ ਅਰਥ ਅਉਲੇ ਦੇ ਖਾਣ ਵਰਗਾ ਅਹਿਸਾਸ ਦਿਵਾਉਂਦੇ ਹਨ।ਉਸਦੇ ਸ਼ਿਅਰ ਕੁਝ ਇਸਤਰਾਂ ਦੇ ਹਨ ਕਿ

ਤੇਰੀ ਹਰ ਗੱਲ ਦਿਲ ਤੇ ਲਾ ਕੇ ਵੇਖੀ ਹੈ,
ਹਰ ਗੱਲ ਜ਼ਹਿਰ 'ਚ ਭਿਜਿਆ ਹੋਇਆ ਸ਼ਸ਼ਤਰ ਸੀ।

ਅਸਲ ਵਿਚ ਸੋਹਲ ਦੇ ਸ਼ਿਅਰਾਂ ਦੇ ਦੋਹਰੇ ਅਰਥ ਹੁੰਦੇ ਹਨ, ਇਕ ਤਾਂ ਆਮ ਪਾਠਕ ਵਾਸਤੇ ਹਨ ਤੇ ਦੂਜੇ ਪੁਰ ਅਹਿਸਾਸ ਪਾਠਕਾਂ ਦੀ ਸੂਝ ਦੀ ਜ਼ੀਨਤ ਬਣਦੇ ਹਨ।ਸਮਾਜ ਵਿਚ ਜੋ ਨੈਤਿਕਤਾ ਜੀਵਨ ਦੀ ਰੇਲ ਪਟੜੀ ਹੈ, ਜਦ ਉਹ ਕਿਤਿਉਂ ਤਿੜਕਦੀ ਜਾਂ ਵਿੰਗੀ ਹੁੰਦੀ ਹੈ ਤਾਂ ਗੱਡੀ ਚੱਲ ਨਹੀਂ ਸਕਦੀ।ਅੱਜ ਦੇ ਸਰਮਾਏਦਾਰਾਨਾ ਸਿਸਟਿਮ ਨੇ ਰਿਸ਼ਤਿਆਂ ਵਿਚੋਂ ਵੀ ਪਵਿੱਤਰਤਾ ਖ਼ਤਮ ਕਰਕੇ ਕੇਵਲ ਗ਼ਰਜ਼ਾਂ ਦੀ ਜ਼ਹਿਰ ਭਰ ਦਿੱਤੀ ਹੈ।ਪ੍ਰਕਾਸ਼ ਸੋਹਲ ਯੂ.ਕੇ. ਸਿੱਧੇ ਤੌਰ ਉਤੇ ਸਰਮਾਏਦਾਰਾਨਾ ਸਿਸਟਮ ਨੂੰ ਰੱਦ ਕਰਨ ਦੀ ਥਾਂ ਉਸ ਦੇ ਕੁਝ ਭਾਵਾਂ ਅਤੇ ਜੀਵਨ ਮੁਲਾਂ ਦੀ ਆਹਤ ਸਥਿਤੀ ਨੂੰ ਗ਼ਜ਼ਲ ਵਿਚ ਪੇਸ਼ ਕਰਦਾ ਹੈ।ਅੱਜ ਹਰ ਸ਼ੈਅ ਵਿਕਾਊ ਕਰ ਦਿੱਤੀ ਗਈ ਹੈ ਏਥੋਂ ਤਕ ਕਿ ਆਦਮੀ ਦੀ ਜ਼ਮੀਰ ਵੀ। ਇਸ ਪ੍ਰਤੀ ਉਹ ਆਪਣੇ ਅੰਦਰਲੇ ਸ਼ਿਅਰੀ ਸਰੋਕਾਰਾਂ ਨੂੰ ਬਹੁਤ ਹੀ ਮਾਰਮਿਕਤਾ ਵਾਲੇ ਪੇਸ ਕਰਦਾ ਹੈ:

ਮੈਂ ਨਹੀਂ ਸੀ ਵਿਕਣਾ ਨਾ ਵਿਕਿਆ ਹਾਂ ਕਦੇ ਵੀ
ਮੇਰੇ ਬੂਹੇ ਅੱਗੇ ਬੇਸ਼ਕ ਲਗਾ ਸੀ ਬਾਜ਼ਾਰ ਰਿਹਾ।

ਉਸਦੇ ਕਈ ਸ਼ਿਅਰ ਤਾਂ ਨਵ ਭਵਬੋਧ ਦੇਂਦੇ ਹਨ ਤੇ ਕੋਟ ਕਰਨ ਯੋਗ ਹਨ:

ਢਾਲ ਰਿਹਾ ਹਾਂ ਮੈਂ ਸੱਜਣਾਂ ਦੀ ਦੁਸ਼ਮਣੀ ਖ਼ਾਤਿਰ
ਜ਼ਾਲਿਮ ਲਈ ਤਾਂ ਮੈਂ ਲਿਸ਼ਕਦੀ ਤਲਵਾਰ ਰਿਹਾ।

ਪ੍ਰਕਾਸ਼ ਸੋਹਲ ਦੀ ਗਜ਼ਲਗੋਈ ਮਨੁੱਖ ਅੰਦਰ ਸੁੱਤੀ ਤੇਜਸਵੀ ਸਥਿਤੀ ਅਤੇ ਸਮਰੱਥਾਂ ਨੂੰ ਹਲੂਣ ਜਗਾਉਂਦੀ ਹੈ।ਇਹ ਸ਼ਿਅਰਕਾਰੀ ਜੀਵਨ ਦੇ ਮੁੱਲਾਂ ਵਿਚ ਆ ਰਹੇ ਨਿਘਾਰਾਂ ਨੂੰ ਰੱਦ ਕਰਦੀ ਅਤੇ ਮਨੁੱਖ ਦੇ ਅੰਦਰੂਨੀ ਨੈਤਿਕ ਬਲ ਨੂੰ ਬਾਬੇ

ਨਾਨਕ ਦੇ ਨੈਤਿਕ ਮੁੱਲਾਂ ਵੱਲ ਸੇਧਤ ਕਰਨ ਦਾ ਅਹਵਾਹਨ ਹੈ। ਮੈਂ, '**ਉਢ਼ਕ ਦੇ ਪਾਰ** ਗ਼ਜ਼ਲ ਸੰਗ੍ਰਹਿ ਨੂੰ ਪਾਠਕਾਂ ਮੋਹਰੇ ਕਰਦਿਆਂ ਮਾਣ ਮਹਿਸੂਸ ਕਰਦਾ ਹਾਂ।

ਪ੍ਰਕਾਸ਼ ਸੋਹਲ ਜਦ ਪਿਛਲੇ ਸਾਲ ਪੰਜਾਬ ਆਇਆ ਤਾਂ ਉਸਦੀ ਪ੍ਰਬਲ ਇੱਛਿਆ ਸੀ ਕਿ ਮੈਨੂੰ ਦਸਤਾਰ ਭੇਂਟ ਕਰ ਕੇ ਉਸਤਾਦ ਧਾਰੇ। ਪਰ ਮੈਂ ਉਸਨੂੰ ਕਿਹਾ ਸੀ ਕਿ ਤੁਸੀਂ ਅਜੇ ਗ਼ਜ਼ਲ ਨੂੰ ਇਸ਼ਕ ਦੀ ਸਥਿਤੀ ਵਿਚ ਨਹੀਂ ਲਿਆਂਦਾ ਅਤੇ ਜਦੋਂ ਤੁਸੀਂ ਸ਼ਿਅਰਕਾਰੀ ਨੂੰ ਪਿਆਰ ਸਤਿਕਾਰ ਤੋਂ ਅਗਾਂਹ ਇਸ਼ਕ ਦੀ ਜਦ ਵਿਚ ਲੈ ਆਉਗੇ ਤਾ ਤੁਸੀਂ ਏਹ ਪਵਿੱਤਰ ਕਾਰਜ ਕਰ ਲੈਣਾ। ਮੈਂ ਇਹ ਨਹੀਂ ਸਮਝਦਾ ਕਿ ਕਿਸੇ ਉਸਤਾਦ ਨੇ ਕਿਸੇ ਸ਼ਾਗਿਰਦ ਨੂੰ ਕੁਨ ਕਹਿਕੇ ਜਾਂ ਜਾਦੂ ਨਾਲ ਮਹਾਨ ਗ਼ਜ਼ਲਕਾਰ ਬਣਾ ਦੇਣਾ ਹੁੰਦਾ ਹੈ। ਕੋਈ ਉਸਤਾਦ ਕਿਸੇ ਸ਼ਾਇਰ ਨੂੰ ਸਾਧਨਾ ਵੱਲ ਹੀ ਗਾਮਜਨੀ ਕਰਵਾ ਸਕਦਾ ਹੈ। ਮੈਂ ਵੇਖ ਰਿਹਾ ਹਾਂ ਕਿ ਸੋਹਲ ਦਾ ਹਥਲਾ ਗ਼ਜ਼ਲ ਸੰਗ੍ਰਹਿ ਇਸਦਾ ਗ਼ਜ਼ਲ ਪ੍ਰਤੀ ਇਸ਼ਕ ਦਰਸਾਉਂਦਾ ਹੈ। ਏਸੇ ਲਈ ਮੈਂ ਉਸ ਦੀਆਂ ਗ਼ਜ਼ਲਾਂ ਨੂੰ ਰੂਪਕਾਰ ਦੇ ਸੂਈ ਦੇ ਨੱਕੇ ਵਿਚੋਂ ਲੰਘਾ ਕੇ ਨਿਰਉਤਸ਼ਾਹ ਨਹੀਂ ਕਰਨਾ ਚਾਹੁੰਦਾ। ਅੱਜ ਉਸਨੇ ਗ਼ਜ਼ਲ ਨੂੰ ਇਸ਼ਕ ਕੀਤਾ ਹੈ ਤੇ ਇਸ਼ਕ ਵਿਚ ਭਾਵਨਾ ਦੀਆਂ ਅਰੁਕ ਅਤੇ ਖ਼ੁੱਲੀਆਂ ਭਾਵਨਾਵਾਂ ਦੀਆਂ ਉਡਾਰੀਆਂ ਵੀ ਚਲਦੀਆਂ ਹਨ। ਪਰ ਜਦ ਸਹਿਜ ਹੋਵੇਗਾ ਤਾਂ ਇਸ਼ਕ ਨੂੰ ਵੀ ਸਮਝੇਗਾ ਕਿ ਇਸ਼ਕ ਵਿਚ ਵੀ ਕੁਝ ਨਾ ਕੁਝ ਨਿਯਮ ਤੇ ਅਸੂਲ ਲਾਜ਼ਮੀ ਹੁੰਦੇ ਹਨ। ਹੁਣ ਜਦ ਓਹ ਪੰਜਾਬ ਆਵੇਗਾ ਤਾਂ ਮੈਂ ਉਸਦੀ ਦਸਤਾਰ ਪਰਵਾਨ ਕਰਕੇ ਹੱਕੀ ਤੌਰ ਉਤੇ ਉਸਦੀ ਗ਼ਜ਼ਲ ਤਕਨੀਕ ਉਤੇ ਉਸਨੂੰ ਕੁਝ ਕਹਿਣ ਦੀ ਸਥਿਤੀ ਵਿਚ ਹੋਵਾਂਗਾ। ਵਿਸ਼ੇ ਪੱਖੋਂ ਉਸਦੀ ਗ਼ਜ਼ਲ ਪਹਿਲਾਂ ਹੀ ਨਵੇਂ ਭਾਵਬੋਧ ਅਤੇ ਸੰਵੇਦਨਸ਼ੀਲਤਾ ਦੀ ਮੂੰਹੋਂ ਬੋਲਦੀ ਤਸਵੀਰ ਹੈ। ਸ਼ਾਲਾ ਉਸਦਾ ਅਗਲਾ ਗ਼ਜ਼ਲ ਸੰਗ੍ਰਹਿ ਤਕਨੀਕ ਪੱਖੋਂ ਵੀ ਉਸਦੇ ਵਿਸ਼ੇ ਵਾਂਗ ਮਹਾਨ ਹੋਵੇ। ਆਮੀਨ!

ਸੁਲੱਖਣ ਸਰਹੱਦੀ
ਮੋਬਾਈਲ: 941 74 843 37

‘‘ਤੇਰਾ ਮੇਰਾ ਰਿਸ਼ਤਾ ਕੀ ਹੈ? ਲੋਕ ਪੁੱਛਣ, ਤਾਂ ਮੈਂ ਚੁੱਪ ਰਹਾਂ।
ਪਰ ਜਦ ਝੱਲਾ ਦਿਲ ਪੁੱਛ ਬਹਿੰਦਾ, ਤੂੰ ਹੀ ਦੱਸ ਮੈਂ ਕੀ ਕਹਾਂ?’’

ਜੀਂਦੇ ਅਸੀਂ ਨਹੀਂ ਹਾਂ...

ਜੀਂਦੇ ਅਸੀਂ ਨਹੀਂ ਹਾਂ, ਲੇਕਿਨ ਜੀਈ ਜਾ ਰਹੇ ਹਾਂ।
ਇੱਟਾਂ ਗਾਰੇ ਦੇ ਮਕਾਨ ਨੂੰ, ਘਰ ਕਹੀ ਜਾ ਰਹੇ ਹਾਂ।

ਰਿਸ਼ਤਿਆਂ ਦੀ ਜੋਕ ਦਾ ਕੰਮ, ਸੀ ਤਾਂ ਪੀਣਾ ਲ਼ਹੂ,
ਅਸੀਂ ਹਾਂ ਕਿ ਖ਼ੁਦ ਹੀ, ਕੱਢ ਕੱਢ ਪਿਆ ਰਹੇ ਹਾਂ।

ਮੁੱਹਬਤ ਖ਼ੁਲੂਸ, ਪਿਆਰ ਤੇ ਬੁੱਕਲ ਦੇ ਨਿੱਘ ਨੂੰ ਵੀ,
ਰਵਾਇਤੀ ਨਫ਼ਰਤਾਂ ਦੀ, ਤੱਕੜੀ ਤੋਲੀ ਜਾ ਰਹੇ ਹਾਂ।

ਵਾਸਨਾ ਹੀ ਵਾਸਨਾ ਤੇ ਜਿਸਮਾਂ ਦੀ ਖਿੱਚਾ ਧੂਹੀ ਨੂੰ,
ਮੁੱਹਬਤਾਂ ਤੇ ਪਿਆਰ ਦਾ, ਦਰਜਾ ਦੇਈ ਜਾ ਰਹੇ ਹਾਂ।

ਹਰ ਸਾਹ ਉਹਨੂੰ ਯਾਦ ਰੱਖਣਾ, ਉਸਦਾ ਭਲਾ ਲੋਚਣਾ
ਵਸਦੈ ਸ਼ਾਹਰੱਗ ਕਰੀਬ ਜੋ ਉਹਨੂੰ ਢੂੰਡੀ ਜਾ ਰਹੇ ਹਾਂ।

ਕਬਜ਼ੇ ਦਾ ਸ਼ੌਕ ਸਾਡਾ, ਵੱਧ ਗਿਐ ਇਸ ਕਦਰ ਹੁਣ,
ਕਿ ਪਿਆਰ ਦੇ ਰਿਸ਼ਤੇ ਕਬਜ਼ਾ ਸਮਝੀ ਜਾ ਰਹੇ ਹਾਂ।

ਗ਼ੁਲਾਬ ਤਾਂ ਬਣਿਆਂ ਸੀ, ਮਹਿਕਾ ਤੇ ਸੁਹੱਪਣ ਲਈ,
ਗ਼ੁਲਕੰਦ ਬਣਾ ਅਸੀ ਤਾਂ, ਗਰਜਾਂ ਨਿਭਾਅ ਰਹੇ ਹਾਂ।

ਅੰਦਰੋਂ ਮਰ ਗਿਆ ਹੈ, ਬਾਹਰੋਂ ਘਰ ਸਜਾ ਰਹੇ ਹਾਂ,
ਕਿ ਧੂਹਘੜੀਸੀ ਨੂੰ ਅਸੀਂ, ਜੀਣਾ ਕਹੀ ਜਾ ਰਹੇ ਹਾਂ।

ਮੁੜ ਆਵਾਂਗਾ ਕਿਸੇ ਰੋਜ਼...

ਮੁੜ ਆਵਾਂਗਾ ਕਿਸੇ ਰੋਜ਼, ਤੂੰ ਮੇਰਾ ਇੰਤਜ਼ਾਰ ਕਰੀਂ।
ਜਿਸਮ 'ਤੇ ਨਹੀਂ, ਰੂਹ ਤੇ ਪਿਆਰ ਸ਼ਿੰਗਾਰ ਕਰੀਂ।

ਰੋਜ਼ੀ ਦੀ ਤਾਲਾਸ਼ ਕਿ ਘਰ ਛੱਡ ਆਇਆ ਹਾਂ ਮੈਂ,
ਮੇਰੀ ਉਡੀਕ ਬਣਾ ਰਖੀਂ, ਦੇਖੀਂ ਸਫ਼ਰ ਨ ਬੇਕਾਰ ਕਰੀਂ।

ਕੱਤਰਾ ਪਾਣੀ ਦਾ ਨਹੀਂ, ਮੋਤੀ ਤੋਂ ਵੱਧ ਨੇ ਤੇਰੇ ਆਂਸੂ,
ਰੋ ਲਵਾਂਗੇ ਬਹਿ ਇੱਕਠਿਆਂ, ਬਸ ਜ਼ਰਾ ਇੰਤਜ਼ਾਰ ਕਰੀਂ।

ਸਾਂਭ ਰੱਖ ਸੱਜਣੀਏ, ਸਾਂਭ ਦਿਲ ਦੀਆਂ ਪਰਤਾਂ ਵਿਚ,
ਗਲ਼ੇ ਮਿਲਾਂਗੇ ਜਦੋਂ ਤਾਂ ਬੇਸ਼ਕ, ਸ਼ਿਕਵੇ ਬੇਸ਼ੁਮਾਰ ਕਰੀਂ।

ਤੇਰੀ ਨਜ਼ਰ ਦਾ ਕਰਜਾਈ, ਤਾਂ ਮੁੱਢ ਕਦੀਮ ਤੋਂ ਮੈਂ,
ਰਹਿਣ ਦੇ ਮੇਰੀ ਹਯਾਤੀ ਨੂੰ, ਹੋਰ ਨ ਕਰਜ਼ਦਾਰ ਕਰੀਂ।

ਪੱਲ ਦੋ ਪੱਲ ਲਈ...

ਪੱਲ ਦੋ ਪੱਲ ਲਈ ਓਹ ਮੇਰੇ ਘਰ, ਆਇਆ ਹੀ ਤਾਂ ਸੀ।
ਦਹਿਲੀਜ਼ਾਂ ਚ ਰਤਾ ਕੁ ਰੁੱਕ ਤੇਲ ਚੁਆਇਆ ਹੀ ਤਾਂ ਸੀ।

ਮਹਿਫ਼ਲ ਭਰੀ ਪਈ ਸੀ, ਸਭ ਨਜ਼ਰਾਂ ਉਸਨੂੰ ਘੂਰਦੀਆਂ,
ਪਰ ਉਸਨੇ ਸਭ ਨੂੰ ਛੱਡ ਮੈਨੂੰ ਆ ਬੁਲਾਇਆ ਹੀ ਤਾਂ ਸੀ।

ਲਿਖ਼ ਲਿਖ਼ ਸ਼ਾਇਰ ਕਿਤਾਬਾਂ ਭਰਦੇ, ਗੀਤਾਂ ਗ਼ਜ਼ਲਾਂ ਨਾਲ,
ਪਰ ਉਸਦੇ ਹੋਠਾਂ ਨੇ ਮੇਰਾ ਨਗ਼ਮਾ ਗਾਇਆ ਹੀ ਤਾਂ ਸੀ।

ਚੁੱਪ ਚਾਪ ਉਹ ਬਿਨਾ ਕਿਹਾਂ ਕੁੱਛ, ਕੋਲੋਂ ਦੀ ਲੰਘ ਗਿਆ,
ਲੁੱਕ ਛੁੱਪ ਦੇਖ ਤਰਫ਼ ਮੇਰੀ, ਮੁਸਕਰਾਇਆ ਹੀ ਤਾਂ ਸੀ।

ਨਜ਼ਰਾਂ ਨੇ ਨਜ਼ਰਾਂ ਨਾਲ ਵਾਇਦੇ ਕਰ ਲਏ ਸਨ ਉਮਰਾਂ ਦੇ,
ਬੋਲੀਂ ਵਾਇਦਾ ਕਰਨ ਤੋਂ ਪਰ, ਘਬਰਾਇਆ ਹੀ ਤਾਂ ਸੀ।

ਉਸਦਾ ਰੂਪ ਗੁਲਾਬੀ, ਮੇਰੀਆਂ ਰਾਤਾਂ 'ਚ ਰੰਗ ਭਰੇ,
ਖਵਾਬਾਂ ਵਿਚ ਈ ਸਹੀ, ਪਰ ਓਹ ਆਇਆਂ ਹੀ ਤਾਂ ਸੀ।

ਹਰ ਰੋਜ਼ ਧੁੱਪ ਆ ਕੇ, ਪਰੇ ਘਰ ਦੀ ਕੰਧ ਤੇ ਰੁੱਕ ਜਾਂਦੀ,
ਮੇਰੇ ਘਰ ਅੰਦਰ ਉਹ ਨਿੱਘ, ਲੈਕੇ ਆਇਆ ਹੀ ਤਾਂ ਸੀ।

ਤਾਲਾਸ਼ ਖਤਮ ਕਰ ਦੇਵੋ

ਤਾਲਾਸ਼ ਖਤਮ ਕਰ ਦੇਵੋ,ਕਿ ਗਵਾਚਾ ਨਹੀਂ ਹਾਂ ਮੈਂ।
ਸ਼ਰਾਬ ਦਿਉ ਕਿ ਪਾਣੀ ਦਾ ਪਿਆਸਾ ਨਹੀਂ ਹਾਂ ਮੈਂ।

ਹੱਸੋ ਜ਼ਰੂਰ! ਪਰ ਸੋਚੋ, ਕਿ ਤੁਸੀਂ ਹੱਸਦੇ ਕਿਉਂ ਹੋ?
ਗਿਰੇਬਾਨ 'ਚ ਝਾਕੋ ਤੇ ਦੇਖੋ, ਤਮਾਸ਼ਾ ਨਹੀਂ ਹਾਂ ਮੈਂ।

ਕਦੇ ਕਰਕੇ ਤਾਂ ਦੇਖੋ, ਰੱਤੀ ਕੁ ਜਿੰਨਾ ਪਿਆਰ ਮੈਨੂੰ,
ਸਭ ਵਾਰ ਦਿਆਂਗਾ ਕਿ ਬੇਅਹਿਸਾਸਾ ਨਹੀਂ ਹਾਂ ਮੈਂ।

ਖ਼ਾਮੋਸ਼ ਸਹੀ ਪਰ ਖੁਸ਼ ਹਾਂ, ਆਪਣੇ ਆਪ ਵਿਚ ਮੈਂ,
ਤੁਹਾਡਾ ਨਜ਼ਰੀਆ ਹੈ, ਵੈਸੇ ਉਦਾਸਾ ਨਹੀਂ ਹਾਂ ਮੈ।

ਡੁੱਬਦੇ ਸੂਰਜ ਨਾਲ ਹੀ ਡੁੱਬ ਜਾਵਾਂ ਸਾਗਰ ਵਿਚ,
ਐਨਾ ਵੀ ਐ ਦੋਸਤੋ! ਨਿਰਾਸ਼ਾ ਨਹੀਂ ਹਾਂ ਮੈਂ।

ਕੱਲ ਓਹ ਬਹੁਤ ਸੀ ਰੋਇਆ

ਕੱਲ ਓਹ ਬਹੁਤ ਸੀ ਰੋਇਆ, ਕਿ ਪਹਿਲੀ ਵਾਰ ਸੀ ਰੋਇਆ,
ਜੋ ਕਿਸਮਤ ਸਮਝ ਬੈਠਾ ਸੀ, ਨਸੀਬ ਕਿਸੇ ਹੋਰ ਦਾ ਹੋਇਆ।

ਅੱਖ ਫ਼ੋਰੇ ਅੰਦਰ ਹੀ, ਕਿੰਝ ਰਿਸ਼ਤੇ ਬਦਲ ਜਾਂਦੇ ਨੇ,
ਓਹ ਹੋਰ ਦਾ ਹੋਇਆ, ਤੇ ਕੋਈ ਕਿਸੇ ਹੋਰ ਦਾ ਸੀ ਹੋਇਆ।

ਦਰਿਯਾ ਹੈ ਈ ਕੀ ਆਖਿਰ, ਸੋਮਿਆਂ ਦਾ ਜ਼ਖ਼ੀਰਾ ਇਕ,
ਸੁੱਕਿਆ ਪਿਆਰ ਦਾ ਸੋਮਾ, ਦਰਿਆ ਛੱਪੜ ਬਣ ਖਲੋਇਆ।

ਕਿਸਮਤ ਰਾਂਝੇ ਦੀ ਉਤੇ, ਰਸ਼ਕ ਕਰਨਾ ਹੀ ਬਣਦਾ ਹੈ,
ਉਸ ਬਾਰਾਂ ਸਾਲ ਮਾਣੀ ਬੁੱਕਲ ਤੇ ਕੋਈ ਦੀਦ ਲਈ ਮੋਇਆ।

ਖ਼ੁਦਾ ਹੈ ਤਾਂ ਕਿਥੇ ਹੈ? ਕੋਈ ਕਰਾਮਾਤ ਕਰ ਦਿਖਾਵੇ ਫ਼ੇਰ,
ਨਹੀਂ ਤਾਂ ਰਹਿਣ ਦੇਵੇ ਢੋਂਗ ਕਿ ਉਹ ਸਭ ਵਿਚ ਹੈ ਸਮੋਇਆ।

ਹੰਝੂ ਇਕ ਦੋ ਹੀ ਹੁੰਦੇ ਨੇ...

ਹੰਝੂ ਇਕ ਦੋ ਹੀ ਹੁੰਦੇ ਨੇ, ਕਦੇ ਵੀ ਹੜ੍ਹ ਨਹੀਂ ਹੁੰਦਾ।
ਲਿਖੇ ਤੇ ਡਿੱਗ ਪਏ ਅੱਥਰੂ ਤਾਂ ਓਹ ਪੜ੍ਹ ਨਹੀਂ ਹੁੰਦਾ।

ਰੋਂਦੇ ਨੂੰ ਵਰਾਉਣ ਲਈ,ਸਭ ਉਤੋਂ ਪੁੱਚ ਪੁੱਚ ਕਰਦੇ ਨੇ,
ਹੱਸਦਿਆਂ ਦੇਖ ਕੇ ਲੋਕਾਂ ਤੋਂ, ਯਾਰੋ! ਜਰ ਨਹੀਂ ਹੁੰਦਾ।

ਜਦ ਅਹਿਸਾਸ ਮਰ ਜਾਵੇ, ਤਾਂ ਰਿਸ਼ਤੇ ਕੈਦ ਬਣ ਜਾਂਦੇ,
ਦਿਲ ਬਸ ਟੁੱਟ ਜਾਂਦਾ ਹੈ, ਕੋਈ ਕੜ ਕੜ ਨਹੀਂ ਹੁੰਦਾ।

ਵਾਅਦੇ ਕਰਨ ਹੈ ਸੌਖਾ, ਜੀਆਂਗੇ ਤੇ ਮਰਾਂਗੇ ਸਾਥ,
ਓਦਾਂ ਸੋਹਣਾ ਲਗਦਾ ਹੈ ਮਰਿਆਂ ਨਾ ਮਰ ਨਹੀਂ ਹੁੰਦਾ।

ਬਹੁਤ ਸੌਖਾ ਹੈ ਸੁਪਨਿਆਂ ‘ਚ ਦੂਜੇ ਪਾਰ ਲਗ ਜਾਣਾ,
ਨਯਾ ਕਾਗ਼ਜ਼ ਦੀ ਹੋਵੇ, ਤਾਂ ਕਦੇ ਵੀ ਤਰ ਨਹੀਂ ਹੁੰਦਾ।

ਉਹ ਤਾਂ ਮੇਰੇ ਵਿਚ ਹੀ ਸੀ ਲੁੱਕਿਆ...

ਉਹ ਤਾਂ ਮੇਰੇ ਵਿਚ ਹੀ ਸੀ ਲੁੱਕਿਆ, ਮੈਂ ਲਭਦਾ ਬੇਕਾਰ ਰਿਹਾ,
ਮੰਦਰਾਂ ਗੁਰਦਵਾਰੇ ਚ ਭਟਕਦਾ, ਨਾ ਮਿਲਿਆ ਅਵਾਜ਼ਾਰ ਰਿਹਾ।

ਜੋ ਵਰਜਿਤ ਸੀ ਬਸ ਓਹੀ ਚਾਹੀਦਾ ਦਿੱਲ ਇਆਣਾ ਜ਼ਿਦੀ ਸੀ,
ਬਹੁਤਾ ਜ਼ਾਬਤਾ ਸਾਬਤ ਰਿਹਾ, ਕਦੇ ਖੁਦ ਤੋਂ ਸ਼ਰਮਸਾਰ ਰਿਹਾ।

ਤੁਰਦਾ ਰਿਹਾਂ ਅੱਗ ਵਰਗੀ ਰੇਤ ਤੇ ਲੱਭਦਾ ਖ਼ੁਰੇ ਪਾਣੀਆਂ ਦੇ ਮੈਂ,
ਮਿਲੇ ਨਾ ਮਿਲੇ ਦਾ ਫ਼ਰਕ ਨ੍ਹੀਂ ਦਿਲ ਸਦਾ ਮਸਤ ਬਹਾਰ ਰਿਹਾ।

ਮੈਂ ਨਹੀਂ ਸੀ ਵਿਕਣਾ ਤੇ ਨਾ ਹਾਂ ਵਿਕਿਆ ਕਦੇ ਵੀ,
ਮੇਰੇ ਬੂਹੇ ਅੱਗੇ ਬੇਸ਼ਕ, ਲਗਾ ਖ਼ੂਬ ਬਾਜ਼ਾਰ ਰਿਹਾ।

ਬਾਹਰ ਪੱਤਝੜ ਪਹੁੰਚ ਗਈ, ਆਖਿਰ, ਉਮਰ ਦਾ ਤਕਾਜ਼ਾ ਸੀ,
ਅੰਦਰਲਾ ਰਿਹਾ ਹਰਿਆ ਭਰਿਆ, ਬਣਿਆਂ ਸਦਾ ਬਹਾਰ ਰਿਹਾ।

ਮੱਥਾ ਝੁੱਕ ਸੱਕਿਆ ਹੀ ਨਹੀਂ ਸੀ, ਕਿਸੇ ਬਾਬੇ ਛਾਬੇ ਦੇ ਅੱਗੇ,
ਇਕ ਬਾਬੇ ਨਾਨਕ ਦੀ ਸਿਖਿਆ ਦਾ, ਮੈਂ ਸਦਾ ਪੈਰੋਕਾਰ ਰਿਹਾ।

ਹੱਕ ਮਾਰਿਆ ਨਹੀਂ ਕਿਸੇ ਦਾ, ਤੇ ਆਪਣਾ ਕਦੇ ਛਡਿਆ ਨਹੀਂ,
ਗੁਰੁ ਗੋਬਿੰਦ ਦਾ ਚੇਲਾ ਮੈਂ ਹਰਦਮ ਤਿਆਰ ਬਰ ਤਿਆਰ ਰਿਹਾ।

ਮਾਂ ਬਾਪ, ਭੈਣ ਭਰਾ, ਮਿਤਰ ਦੋਸਤ, ਤੇ ਫਿਰ ਕੌਮ ਤੇ ਦੇਸ਼,
ਦਿੰਦਾ ਹਰ ਇਕ ਨੂੰ ਸਦਾ, ਦਰਜਾ ਬਾ ਦਰਜਾ ਸਤਿਕਾਰ ਰਿਹਾ।

ਉਹ ਤਾਂ ਮੇਰੇ ਵਿਚ ਸੀ ਲੁੱਕਿਆ, ਮੈਂਦੀਉਂ ਲਭਦਾ ਬਾਹਰ ਰਿਹਾ,
ਮੰਦਰ ਗੁਰਦਵਾਰੇ ਰਿਹਾ ਭਟਕਦਾ, ਨਾ ਮਿਲਿਆ ਲਾਚਾਰ ਰਿਹਾ।

ਕਦਮ ਪੁੱਟਣ ਤੋਂ ਪਹਿਲਾਂ...

ਕਦਮ ਪੁੱਟਣ ਤੋਂ ਪਹਿਲਾਂ ਸੋਚਦਾ ਹੈ।
ਓਥੇ ਦਾ ਓਥੇ ਖੜਾ ਸਬੱਬ ਸੋਚਦਾ ਹੈ।

ਲੱਦਿਆ ਫ਼ਲਦਾਰ ਰੁੱਖ ਜਦ ਦੇਖਦਾ ਹੈ,
ਹਵਸ ਪਾਲ ਰਖਦਾ ਹੈ ਖਾਣਾ ਲੋਚਦਾ ਹੈ।

ਸ਼ੀਸ਼ੇ 'ਚ ਚਿਹਰਾ ਦੇਖ, ਡਰਦਾ ਹੈ ਏਦਾਂ,
ਕਦੇ ਚਿਹਰਾ, ਕਦੇ ਸ਼ੀਸ਼ਾ ਖ਼ਰੋਚਦਾ ਹੈ।

ਮਨੂਆਂ ਟਿਕਦਾ ਨਹੀਂ, ਬਹਿੰਦਾ ਨਹੀਂ ਹੈ,
ਕਦੇ ਰਾਂਝਾ ਕਦੇ ਪੁਨੂੰ, ਬਨਣਾ ਲੋਚਦਾ ਹੈ।

ਨਦੀ ਦੇ ਪਾਣੀਆਂ ਨਾਲ, ਤੇਹ ਕਰਦਾ ਹੈ,
ਪੱਥਰ ਬਣ ਕਦੇ ਉਸਦਾ ਰਾਹ ਰੋਕਦਾ ਹੈ।

ਨਸੀਬ ਖ਼ੁਦ ਘੜਦਾ ਬੰਦਾ ਕਹੇ ਕਦੇ ਏਹ,
ਕਦੇ ਰੋਂਦਾ ਬਹਿ ਕੱਲੇ, ਕਰਮ ਕੋਸਦਾ ਹੈ।

ਹਰ ਵਕਤ ਉਦਾਸੀ ਅੱਛੀ ਨਹੀਂ

ਹਰ ਵਕਤ ਉਦਾਸੀ ਅੱਛੀ ਨਹੀਂ, ਕਦੇ ਹੱਸਕੇ ਵੀ ਵਿਖਾਇਆ ਕਰ।
ਆ ਮਲਕ ਜਿਹੇ ਮੋਢੇ ਹੱਥ ਧਰਦੇ, ਜਾਂ ਵਾਜ਼ ਮਾਰ ਬੁਲਾਇਆ ਕਰ।

ਮੰਨਿਆਂ ਰਹਿਨਾ ਮਸਰੂਫ਼ ਦਿਨੇ, ਲੇਕਿਨ, ਰਾਤਾਂ ਨੂੰ ਤਾਂ ਵੇਹਲ ਹੋਊ,
ਅਲੜ੍ਹ ਉਮਰ ਦੇ ਗੀਤ ਅਧੂਰੇ ਨੂੰ, ਰਾਤੀਂ ਪੂਰਾ ਕਰ ਜਾਇਆ ਕਰ।

ਲਿਖ਼ ਲਿਖ਼ ਕੇ ਘਸੀਆਂ ਉਂਗਲਾਂ ਨੇ ਜੋ ਲਿਖਦਾਂ ਉਸ ਚ ਜਾਨ ਨਹੀਂ,
ਮੇਰੇ ਸ਼ੇਅਰਾਂ ਨੂੰ ਹੋਠੀਂ ਲਾ ਕੇ ਤੇ, ਜਾਨ ਉਨ੍ਹਾਂ ਚ ਭਰ ਜਾਇਆ ਕਰ।

ਮੈਂ ਤੁਰਿਆ ਹਾਂ ਤੇ ਤੁਰਦਾ ਹਾਂ, ਏਦਾਂ ਤੁਰਦਿਆਂ ਹੀ ਮੁੱਕ ਜਾਵਾਂਗਾ,
ਇਕ ਕਰਮ ਫ਼ਰਮਾ ਮੇਰੇ ਤੇ, ਮੇਰੀ ਮੰਜ਼ਿਲ ਕੀ ਦੱਸ ਜਾਇਆ ਕਰ?

ਮੰਨਿਆਂ, ਤੂੰ ਪਾਸ ਸਮੁੰਦਰ ਦੇ, ਤੇ ਭਰਿਆ ਭਰਿਆ ਰਹਿਨਾ ਏਂ,
ਪਰ ਬੱਦਲ ਬਣ ਵੀ ਜਾਇਆ ਕਰ, ਥੱਲ ਉਤੇ ਵਰ੍ਹ ਜਾਇਆ ਕਰ।

ਆਸ਼ਾਵਾਂ ਦੇ ਸੂਰਜ

ਆਸ਼ਾਵਾਂ ਦੇ ਸੂਰਜ ਨੂੰ, ਫ਼ਿਰ ਚੜਦਾ ਦੇਖਦਾ ਹਾਂ,
ਸੁੱਕੀ ਹੋਈ ਟਹਿਣੀ ਤੇ ਫ਼ੁੱਲ ਖਿੜਦਾ ਦੇਖਦਾ ਹਾਂ।

ਪੈਰਾਂ ਥੱਲੇ ਮਿੱਧੀ ਗਈ, ਚੰਗਿਆੜੀ ਬੁਝੀ ਨਹੀਂ,
ਜ਼ਰਾ ਹਵਾ ਮਿਲੀ ਕਿ ਭਾਂਬੜ ਮੱਚਦਾ ਦੇਖਦਾ ਹਾਂ।

ਜਦ ਸਿਰ ਜਾਗ ਜਾਂਦੇ ਤਾਂ ਲਹਿਰ ਉਠ ਖੜਦੀ ਹੈ,
ਜੰਗਲ ਨੂੰ ਆਪਣੀ ਅੱਗ ਵਿਚ ਸੜਦਾ ਦੇਖਦਾ ਹਾਂ।

ਓਹ ਰੁੱਖ਼ ਦਾ ਸਿਰ ਕੱਟ ਕੇ ਬਹੁਤ ਖੁਸ਼ ਜਾਪਦੇ ਨੇ,
ਮੈਂ ਫ਼ਿਰਤੋਂ ਨਵੀਆਂ ਕਰੂੰਬਲ਼ਾਂ, ਫ਼ੁੱਟਦਾ ਦੇਖਦਾ ਹਾਂ।

ਦੇਖਦਾਂ, ਕਦੇ ਮੈਂ ਤੇਰਾ ਮੁੱਖੜਾ, ਸੁਹਣੇ ਚੰਨ ਵਿਚੋਂ,
ਕਦੇ ਕਦੇ ਮੈਂ ਚਮਕਦਾ ਤਾਰਾ ਟੁੱਟਦਾ ਦੇਖਦਾ ਹਾਂ।



ਰਿਸ਼ਤਿਆਂ ਦੀ ਅਹਿਮੀਅਤ

ਰਿਸ਼ਤਿਆਂ ਦੀ ਅਹਿਮੀਅਤ, ਜਾਨਣੀ ਸੌਖੀ ਨਹੀਂ ਹੁੰਦੀ।
ਨੂੰਹ, ਧੀ ਵਰਗੀ ਹੋ ਸਕਦੀ ਹੈ, ਕਦੇ ਵੀ ਧੀ ਨਹੀਂ ਹੁੰਦੀ।

ਮਾਂ ਚਲੀ ਜਾਂਦੀ ਜਦੋਂ ਤਾਂ ਫ਼ਿਰ ਮਮਤਾ ਦਾ ਪਤਾ ਲਗਦੈ,
ਇਕ ਨਿੱਘ ਜਿਹਾ ਖੁੱਸ ਜਾਂਦੈ ਕਦੇ ਭਰਪਾਈ ਨਹੀਂ ਹੁੰਦੀ।

ਮਹਿਬੂਬ ਨੂੰ ਮਹਿਬੂਬ ਬਣਾ ਰਖੋ, ਉਸ ਲਈ ਗ਼ਜ਼ਲ ਕਹੋ,
ਮਹਿਬੂਬ, ਮਹਿਬੂਬ ਰਹਿੰਦੀ ਹੈ, ਘਰ ਵਾਲੀ ਨਹੀਂ ਹੁੰਦੀ।

ਰਿਸ਼ਤੇ ਦੀ ਪਹਿਚਾਣ ਗਵਾਚੇ ਹੱਥ ਪਛੋਤਾਵਾ ਰਹਿ ਜਾਂਦਾ,
ਸਮਝੀਏ ਤਾਂ ਮਾਣ ਰਹੇ ਬਣਿਆਂ, ਬੇਕਦਰੀ ਨਹੀਂ ਹੁੰਦੀ।

ਲੱਖ ਪਰਖੇ ਨਬਜ਼ ਟੋਹੇ ਮੱਥਾ, ਤਬੀਬ ਕਰੇ ਦਾਰੂ, ਲੇਕਿਨ
ਹਰ ਹੱਥ 'ਚ ਕਰਾਮਾਤੀ ਸ਼ਫ਼ਾ, ਮਸੀਹਾਈ ਨਹੀਂ ਹੁੰਦੀ।

ਗੁੰਮਰਾਹ ਨਾ ਕਰ

ਗੁੰਮਰਾਹ ਨਾ ਕਰ, ਜੇ ਰਾਸਤਾ ਦਿਖਾ ਨਹੀਂ ਸਕਦਾ,
ਨਜ਼ਰ ਮਿਲਾ ਨਾ, ਜੇ ਕਰ ਨਿਭਾਅ ਨਹੀਂ ਸਕਦਾ।

ਵਾਅਦਾ ਸ਼ਿਕਨੀ ਨ ਕਰ, ਦਿਲ ਪੱਥਰ ਦਾ ਨਹੀਂ ਹੈ,
ਫ਼ਿਰ ਕਰ ਨਾ ਇਕਰਾਰ, ਜੇ ਕਰ ਆ ਨਹੀਂ ਸਕਦਾ।

ਬਹੁਤ ਆਸਾਨ ਹੈ, ਹੱਸਦਿਆਂ ਰੁਲਾ ਦੇਣਾ, ਯਾਰੋ,
ਰੁਲਾਉਂਦਾ ਕਿਉਂ ਹੈ, ਅਗਰਚੇ, ਹਸਾ ਨਹੀਂ ਸਕਦਾ।

ਚੱਲ ਉਠ! ਦਿਲ ਛੱਡਿਆਂ, ਕੁਝ ਵੀ ਸੁਧਰਦਾ ਨਹੀਂ,
ਰਾਹ ਸਿੱਧਾ ਹੈ ਸਾਹਵੇਂ ਹੋਰ ਕਿਤੇ ਜਾ ਨਹੀਂ ਸਕਦਾ।

ਰਾਹ ਬੰਦ ਹੈ! ਰੋਕੀ ਖੜੇ ਨੇ ਹਰ ਪਾਸੇ ਬਹੁਰੰਗ ਲੋਕ,
ਭੱਟਕਦਾ ਓਹ ਹੈ ਜੋ ਖੁਦ ਰਸਤਾ ਬਣਾ ਨਹੀਂ ਸਕਦਾ।

ਜਾ ਛੱਡ! ਇੱਕਲਿਆਂ ਖ਼ੁਸ਼ ਹਾਂ ਆਪਣੀ ਵੇਹਲ ਚ ਮੈਂ,
ਮੌਤ! ਮਸਰੂਫ਼ ਹਾਂ ਹਾਲੇ, ਤੇਰੇ ਪਾ ਆ ਨਹੀਂ ਸਕਦਾ।

ਮੇਰੇ ਇਸ਼ਕ ਦਾ ਜਨੂੰਨ

ਮੇਰੇ ਇਸ਼ਕ ਦਾ ਜਨੂੰਨ ਏਹ, ਇਕ ਤਾਂ ਕਾਰਾ ਕਰ ਗਿਆ।
ਰਿਸ਼ਤਿਆਂ ਦੀ ਭੀੜ ਹੁੰਦਿਆਂ, ਮੈਨੂੰ ਬੇਸਹਾਰਾ ਕਰ ਗਿਆ।

ਗੱਲ ਬਾਤ ਤਾਂ ਚਲਦੀ ਰਹੀ ਸੀ, ਤੇ ਰਹੇ ਵੀ ਹੱਸਕੇ ਬੋਲਦੇ,
ਓਦਾਂ ਕੁਝ ਹੁਣ ਜੀਂਦਾ ਨਹੀਂ, ਪਤਾ ਨਹੀਂ ਕੀ ਮਰ ਗਿਆ।


ਪਰਬੱਤਾਂ ਨੂੰ ਕਿੱਦਾਂ ਚੀਰਾਂ, ਮੈਂ ਕੋਈ ਫ਼ਰਿਹਾਦ ਨਾ,
ਸਾਰੀਆਂ ਹਿੰਮਤਾਂ ਮੇਰੀਆਂ ਨੂੰ , ਓਹ ਨਕਾਰਾ ਕਰ ਗਿਆ।

ਜਦ ਇਸ਼ਕ ਵਿਚ ਗ਼ਰਮਾਇਸ਼ਾਂ ਸਨ, ਠੰਡ ਸੀ ਲਗਦੀ ਕਦੋਂ,
ਹੁਣ ਕੰਬਲਾਂ ਚ ਵੀ ਨਿੱਘ ਨਹੀਂ, ਅੰਦਰ ਜੋ ਮੇਰਾ ਠਰ ਗਿਆ।

ਪਿਆਰ ਕੋਈ ਕਬਜ਼ਾ ਨਹੀਂ ਹੈ, ਸਮਝਾਉਂਦਾ ਦਿਲ ਨੂੰ ਬਹੁਤ
ਪਰ ਕੁਝ ਨ੍ਹੀ ਰਹਿੰਦਾ ਸਲਾਮਤ ਜਦੋਂ ਅਹਿਸਾਸ ਮਰ ਗਿਆ।

ਦੋ ਕਦਮ ਚੱਲੇ ਸਾਂ ਅਸੀਂ, ਚਲੋ! ਕੁੱਝ ਦੇਰ ਤਾਂ ਸਾਥ ਸੀ
ਯਾਦਾਂ ਦੀ ਬੋਡੀ ਪੋਟਲੀ ਓਹ, ਮੇਰੇ ਹੱਥ ਜਾਂਦਾ ਧਰ ਗਿਆ।

ਜਦ ਓਹ ਸੀ ਮੇਰੇ ਪਾਸ, ਤਾਂ ਕਦੇ ਮੌਤ ਤੋਂ ਡਰਿਆ ਨਾ ਸਾਂ,
ਕੀ ਗਿਆ ਕਿ ਆਪਣੇ ਹੀ, ਸਾਏ ਤੋਂ ਸੀ ਮੈਂ ਡਰ ਗਿਆ।



ਤੂੰ ਨਾ ਮੇਰੀ ਤਾਲਾਸ਼ ਕਰ

ਤੂੰ ਨਾ ਮੇਰੀ ਤਾਲਾਸ਼ ਕਰ, ਮੈਨੂੰ ਖ਼ੁਦ ਪਤਾ ਨਹੀਂ ਮੈਂ ਕੌਣ ਹਾਂ,
ਕਦੇ ਸਾੜਾ ਬਣ ਪਿੱਤਾ ਲੂਹ ਲਵਾਂ, ਕਦੇ ਰੁਮਕਦੀ ਮੈਂ ਪੌਣ ਹਾਂ।

ਕਦੇ ਜਾਨ ਹਾਜ਼ਿਰ ਕਰਦਿਆਂ ਬਸ ਇਕ ਨਜ਼ਰ ਦਾ ਮੁੱਲ ਸਮਝ,
ਵਾਂਗ ਭੇੜੀਆ ਕਦੇ ਦਹਾੜਦਾਂ, ਕੱਟਾਂ ਆਪਣਿਆਂ ਦੀ ਧੌਣ ਹਾਂ।

ਮੇਰਾ ਪੱਥਰਾਂ ਨਾ ਵਾਹ ਰਿਹਾ, ਸ਼ੀਸ਼ਾ ਘਰ ਨੂੰ ਬਚਾਉਂਦਾ ਕਿਵੇਂ?
ਫ਼ਿਤਰਤ ਉਨਾ ਦੀ ‘ਚ ਤੋੜਨਾ,ਰਿਹਾ ਉਮਰ ਭਰ ਬਨਾਉਣ ਹਾਂ।

ਨਾ ਸੁਰ ਹੈ, ਨਾ ਸਾਜ਼ ਹੈ, ਨਾ ਲੈਅ ਕੋਈ, ਨਾ ਆਵਾਜ਼ ਹੈ,
ਐਵੇਂ ਬੇ ਮਾਅਨਾ ਲਿਖ ਰਿਹਾਂ, ਤੇ ਬੇਗਾਨਿਆਂ ਲਈ ਗੌਣ ਹਾਂ।

ਜ਼ਿਨਾਂ ਜੀਂਦਿਆਂ ਨਾ ਪਛਾਣਿਆਂ, ਕੀਤੀ ਕਦਰ ਨਾ ਕਲਮ ਦੀ,
ਚਲੋ! ਹੁਣ ਮਰ ਕੇ ਦੇਖੀਏ, ਫ਼ਿਰ ਦੱਸਣਗੇ ਕਿ ਮੈਂ ਕੌਣ ਹਾਂ।



ਰੰਗੀਨਿਆਂ ਦੇ ਝਾਂਸੇ ਚ ਆ

ਰੰਗੀਨਿਆਂ ਦੇ ਝਾਂਸੇ ਚ ਆ, ਸ਼ਹਿਰ ਨੂੰ ਲੈ ਉਮੰਗ ਚਲੇ,
ਪੇਂਡੂ ਖ਼ੂਨ, ਢੰਗ ਸ਼ਹਿਰੀ, ਚਲਦਾ ਕਿਵੇਂ? ਬੇਢੰਗ ਚਲੇ।

ਮੈਂ 'ਕੱਲਾ ਸੀ ਕਦੋਂ, ਕੰਡਿਆ ਦਾ ਸਾਥ ਰਿਹਾ ਸਦਾ,
ਕੋਈ ਚੁੱਭਿਆ, ਕੋਈ ਚੱਲਿਆ, ਆਖ਼ਿਰ ਤਾਂ ਸੰਗ ਚਲੇ।

ਦੱਸ ਹੈ ਕੀ ਤੇਰੇ ਪਾਸ? ਜੋ ਮਾਣ ਏਨਾ ਕਰੇ ਹੈਂ ਯਾਰ!
ਲੈ ਫੜ ਕੁੰਜੀਆਂ ਸਾਂਭ, ਤੇਰੀ ਮਹਿਫ਼ਲ ਚੋਂ ਮਲੰਗ ਚਲੇ।

ਜੇ ਨੱਚ ਕੇ ਯਾਰ ਮਨਾਉਣਾ, ਠਾਣ ਹੀ ਲਿਐ ਤਾਂ ਫ਼ਿਰ,
ਫ਼ਿਰ ਕੀ ਕੱਜਣਾ, ਕੀ ਪਰਦਾ? ਹੋ ਅਸੀਂ ਨਿਸ਼ੰਗ ਚਲੇ।

ਜਦ ਦੀ ਜ਼ਰਾ ਹੋਸ਼ ਸੰਭਾਲੀ, ਬਸ ਓਸੇ ਦਿਨ ਤੋਂ ਹੀ,
ਤਮਾ ਵਧਦੀ ਗਈ, ਨਵਾਂ ਲਾਲਚ ਲੈ, ਨਵੀਂ ਮੰਗ ਚਲੇ।

ਕਸ਼ਤੀ ਜੇ ਮਿਲੀ ਕਦੇ

ਕਸ਼ਤੀ ਜੇ ਮਿਲੀ ਕਦੇ, ਤਾਂ ਪਤਵਾਰ ਨਾ ਮਿਲਿਆ।
ਦੋਸਤਾਂ ਦੀ ਕਮੀ ਨਾ ਸੀ, ਬਸ ਯਾਰ ਨਾ ਮਿਲਿਆ।

ਅਸੀਂ ਆਸ ਨਾ ਤੁਰੇ ਸਾਂ, ਹੀਰੇ ਜਿਹਾ ਲੈ ਕੇ ਦਿਲ,
ਓਹ ਮੰਡੀ ਕੋਲਿਆਂ ਦੀ ਸੀ, ਖਰੀਦਾਰ ਨ ਮਿਲਿਆ।

ਟੁੱਕੜਿਆਂ ਵਿਚ ਵੰਡਿਆ ਗਿਆਂ ਪੂਰਾ ਨਹੀਂ ਹਾਂ ਮੈਂ,
ਰਿਸ਼ਤਿਆਂ ਦੀ ਭੀੜ ਰਹੀ, ਦਿਲਦਾਰ ਨ ਮਿਲਿਆ।

ਮੈਂ ਆਪਣੇ ਕਤਲ ਦਾ, ਖੁਦ ਇਲਜ਼ਾਮ ਲੈ ਚੁਕਾ ਸਾਂ,
ਕਾਤਿਲ ਫ਼ਰਾਰ ਰਿਹਾ, ਗੁਨਾਹਗਾਰ ਨ ਮਿਲਿਆ।

ਅਸੀਂ ਤਾਂ ਸਰ ਕਟਾਉਣ ਲਈ, ਤਯਾਰ ਖੜੇ ਸਾਂ,
ਕੋਈ ਅਣਖ ਵਾਲਾ ਲੈ ਕੇ, ਤਲਵਾਰ ਨ ਮਿਲਿਆ।



ਫ਼ਾਸਲੇ ਵੱਧਦੇ ਗਏ

ਫ਼ਾਸਲੇ ਵੱਧਦੇ ਗਏ, ਜੋ ਪਿੱਠ ਮੋੜ ਕੇ ਚੱਲਦੇ ਰਹੇ।
ਮੰਜ਼ਿਲ ਜਿਨ੍ਹਾਂ ਗਵਾ ਲਈ, ਬੇਕਾਰ ਹੀ, ਚੱਲਦੇ ਰਹੇ।

ਖ਼ੁਦਾਈਆਂ ਦੀ ਮਾਰ ਸੀ, ਓਹ ਸਨ ਬਦਨਸੀਬ ਲੋਕ,
ਵਿੱਛੜਦਿਆਂ ਕਹੇ ਕਬੋਲ ਕਿ ਤਾ ਉਮਰ ਖੱਲਦੇ ਰਹੇ।

ਬਹਾਰ ਤਾਂ ਘਰ ਵਿਚ ਹੀ ਸੀ ਤੇ ਬਾਹਰ ਢੂੰਡਦੇ ਰਹੇ,
ਸ਼ਾਇਰਾਨਾ ਸੋਚ ਰਹੀ, ਸਦਾ ਗ਼ੈਰ ਦਰ ਮੱਲਦੇ ਰਹੇ।

ਹੀਰਾ ਤਾਂ ਪੱਥਰ ਵਿਚ ਸੀ ਪਛਾਣ ਨ ਸਾਥੋਂ ਹੋ ਸਕੀ,
ਰਹੇ ਗੀਟਿਆਂ ਚ ਮਸਤ ਬਾਦ ਐਵੇਂ ਹੱਥ ਮਲ਼ਦੇ ਰਹੇ।

ਗੱਲ ਇਸ਼ਾਰੇ ਨਾਲ ਕਹੀ ਪਰ ਸੀ ਨਹੀਂ ਡੂੰਘੀ ਬਹੁਤ,
ਸਮਝ ਤਾਂ ਗਏ ਹੋਣੇ ਜ਼ਰੂਰ ਬਸ ਸਮਝਣੋ ਟਲ਼ਦੇ ਰਹੇ।

ਇਕ ਵਾਰ ਗ਼ਲ ਬਾਹਾਂ ਪਾ ਕੇ


ਇਕ ਵਾਰ ਗ਼ਲ ਬਾਹਾਂ ਪਾ ਕੇ, ਫ਼ਿਰ ਤੋਂ ਸਵਰਗ ਦਿਖਾ ਜਾਂਦੋਂ।
ਮਰ ਮਰ ਕੇ ਅਸਾਂ ਬਹੁਤ ਜੀਅ ਲਿਆ ਜੀਣਾ ਫ਼ੇਰ ਸਿਖਾ ਜਾਂਦੋਂ।

ਮੋੜ ਮੋੜ ਤੇ ਖੜੇ ਲੋਕ ਜੋ, ਹੱਸ ਹੱਸ ਗੱਲਾਂ ਕਰਦੇ ਨੇ,
ਇਕ ਵਾਰ ਸਾਡੀ ਬਾਂਹ ਪਕੜ ਕੇ, ਸਭ ਨੂੰ ਚੁੱਪ ਕਰਾ ਜਾਂਦੋਂ।

ਅੱਧ ਸੁੱਕੇ ਜਿਹੇ ਰੁੱਖ ਤੇ ਅਜ ਕਲ ਪਤਝੱੜ ਆਈ ਰਹਿੰਦੀ ਹੈ,
ਮਾਫ਼ਿਕ ਹਵਾ ਤੇ ਭੇਜ ਘਟਾਵਾਂ, ਨਵੇਂ ਪੱਤੇ ਫ਼ੁੱਟਣ ਲਾ ਜਾਂਦੋਂ।

ਦੁਨੀਆਂ ਦੀ ਪ੍ਰਵਾਹ ਕਰਦਿਆਂ, ਕਦੇ ਵੀ ਮਿਲਣਾ ਸੰਭਣ ਨਹੀਂ,
ਹੋ ਨਿਸ਼ੰਗ, ਬਸ ਕੁਛ ਵਕਤ ਲਈ, ਸਾਂਝ ਪਲਾਂ ਦੀ ਪਾ ਜਾਂਦੋਂ।

ਦਰਿਯਾ ਅੱਛੇ ਤਾਂ ਲਗਦੇ ਨੇ, ਜਦੋਂ ਉਛ਼ਲ ਉਛ਼ਲ ਕੇ ਵਗਦੇ ਨੇ,
ਰਹਿਮਤਾਂ ਦਾ ਮੀਂਹ ਵਰਸਾ ਪਾਣੀ ਕੰਢਿਆਂ ਤੱਕ ਉਲ਼ਛਾ ਜਾਂਦੋਂ।



ਡਰਦਾ ਸੀ ਮੇਰੀ ਲਾਟ

ਡਰਦਾ ਸੀ ਮੇਰੀ ਲਾਟ ਬਾਕੀ ਦੀਵੀਆਂ ਨੂੰ ਜਲਾ ਨ ਦੇ।
ਹਨੇਰੇ ਦਾ ਢਿੱਡ ਚੀਰ ਕੇ, ਰੌਸ਼ਨੀ ਸੋਚ ਦੀ ਫ਼ੈਲਾ ਨ ਦੇ।


ਦੋ ਅੱਖਰ ਸ਼ਾਇਰ ਦੇ ਸੁਣ, ਘਬਰਾ ਹੀ ਗਿਆ ਸੀ ਓਹ,
ਮਤਾਂ, ਸਾਲਾਂ ਤੋਂ ਸੁੱਤੀ ਚਿਣਗ ਨੂੰ ਸ਼ਾਇਰੀ ਜਗਾ ਨ ਦੇ।

ਧੁੱਖਦੀ ਤੇ ਪਾ ਪਰਾਲੀਆਂ, ਢੱਕਦਾ ਸੀ, ਧੂੰਏਂ ਨੂੰ ਓਹ,
ਡਰਦਾ ਸੀ ਕਿ ਕਿਤੇ ਲੋਕ ਲਹਿਰ, ਭਾਂਬੜ ਮਚਾ ਨ ਦੇ।

ਸੁਣਿਆਂ ਸੀ ਉਦੇ ਰਾਜ ਦੀ ਕੰਧ, ਡੂੰਘੀ ਸੀ ਪਤਾਲ ਤੋਂ,
ਲਗਦੈ ਤੱਬਕ ਰਿਹੈ, ਕਿਤੇ ਜਨ ਸਧਾਰਣ ਹਿਲਾ ਨ ਦੇ।

ਜ਼ਰ ਸੀ, ਜ਼ੋਰ ਸੀ ਤੇ ਰਾਜਨੀਤੀ 'ਚ ਮੁਹਾਰਤ ਵੀ ਸੀ
ਘਬਰਾ ਰਿਹਾ ਹੈ ਕਿਤੇ ਜਨਤਾ, ਗੂਠਾ ਈ ਦਿਖਾ ਨ ਦੇ।

ਧੁੱਖਦੀ ਨੂੰ ਓਹ ਸਦਾ, ਮਸਲਦਾ ਰਿਹੈ, ਪੈਰਾਂ ਦੇ ਹੇਠ,
ਨੀਂਦ ਗਵਾ ਬੈਠੈ ਹਾਕਿਮ ਕਿਤੇ ਹਵਾ ਫਿਰ ਜਲਾ ਨ ਦੇ।



ਚੱਲਣਾ ਹੈ ਤਾਂ ਆ ਫ਼ਿਰ ਚਲੀਏ

ਚੱਲਣਾ ਹੈ ਤਾਂ ਆ ਫ਼ਿਰ ਚੱਲੀਏ, ਤੂੰ ਪਿਛੇ ਮੈਂ ਅੱਗੇ।
ਮੋਹਰੇ ਹੋ ਕੇ ਚੁੱਗ ਲੈਣ ਦੇ, ਤੇਰੇ ਕੰਡਾ ਪੈਰ ਨਾ ਲਗੇ।

ਮੰਜ਼ਿਲ ਮਿਲ ਜਾਏਗੀ ਲਾਜ਼ਿਮ ਆਸ ਬਣਾਏ ਰਖੀਏ,
ਨੱਕ ਸੇਧ ਨੂੰ ਤੁਰਿਆ ਚੱਲ, ਮੁੜ ਦੇਖ ਨਾ ਸਜੇ ਖੱਬੇ।

ਚਸ਼ਮੇਂ ਦੀ ਪ੍ਰੀਤ ਤੋਂ ਸਿੱਖਲਾ, ਕਿੰਜ ਨਿਬਾਹੀ ਜਾਂਦੀ,
ਰਾਤ ਨਾ ਦੇਖੇ, ਦਿਨ ਨਾ ਦੇਖੇ, ਬਸ ਵੱਗੇ ਕਿ ਵੱਗੇ।

ਇਸ਼ਕ ਦਾ ਧੁੱਖਦਾ ਧੂੰਆਂ, ਛੁੱਪਣਾ ਨਹੀਂ ਛੁਪਾਇਆਂ,
ਭਰ ਭਰ ਭਾਵੇਂ ਜਿੰਨੇ ਪਾਵੀਂ, ਚੱਕ ਪਰਾਲੀ ਦੇ ਥੱਬੇ।

ਹੱਥ ਘੱਸ ਜਾਂਦੇ ਤੋੜਦਿਆਂ, ਉਹ ਪੱਥਰਾਂ ਚ ਲੁਕਿਆ
ਕਿਸਮਤ ਜੇ ਕਰ ਅੱਛੀ ਹੋਵੇ ਤਾਂ ਜਾ ਕੇ ਹੀਰਾ ਲੱਭੇ।

ਦੁਨੀਆਂ ਨੇ ਸਮਝਿਆ ਪੱਥਰ ਤੇ ਰੋਲਿਆ ਵਿਚ ਪੈਰਾਂ
ਕੋਈ ਪਾਰਖੂ ਨਜ਼ਰ ਜਾਂ ਆਵੇ ਪੱਥਰ ਚੋਂ ਹੀਰਾ ਲੱਭੇ।

ਸਜਣ ਦੇ ਦਰਵਾਜ਼ੇ ਬਹਿਜਾ ਝਾਤੀ ਬਾਹਰ ਨਾ ਪਾਵੀਂ,
ਨਜ਼ਰ ਪਵੇ ਤਾਂ ਬਖਸ਼ਿਆ ਜਾਵੇਂ, ਪੂਰਨ ਕਾਰਜ ਸਭੇ।

ਏਹੋ ਵਸਲ ਦੇ ਮੌਕੇ ਸਜਣਾਂ ਕਿਸਮਤ ਦੇ ਨਾਂ ਮਿਲਦੇ,
ਨਦੀਆਂ ਪੂਰ ਵਿਛੜਿਆ ਮੇਲਾ ਫ਼ਿਰਨਾ ਮਿਲਣ ਝੱਬੇ।



''ਦੇਰ ਕਿੰਨੀ ਕੁ ਲਗਦੀ, ਫ਼ੁੱਲ ਨੂੰ ਤੋੜਦਿਆਂ,
ਲਗ ਜਾਂਦੀ ਪਰ ਉਮਰਾ, ਰਿਸ਼ਤੇ ਜੋੜਦਿਆਂ''

ਮੇਰਾ ਹੁਣ ਇਸ ਸ਼ਹਿਰ ਨਾਲ

ਮੇਰਾ ਹੁਣ ਇਸ ਸ਼ਹਿਰ ਨਾਲ ਕੋਈ ਨਾਤਾ ਨਹੀਂ ਰਿਹਾ,
ਜਦ ਦਾ ਮੇਰੇ ਨਾਲ ਉਸਨੂੰ, ਕੋਈ ਵਾਸਤਾ ਨਹੀਂ ਰਿਹਾ।

ਪੱਥਰ ਤੇ ਉਕਰਿਆ ਮੇਟੀਏ, ਚਕਨਾਚੂਰ ਕਰ ਦਈਏ,
ਯਾਦਾਂ ਮਿਟਾਉਣ ਦਾ ਪਰ, ਕੋਈ ਰਾਸਤਾ ਨਹੀਂ ਰਿਹਾ।

ਇਹ ਸ਼ਹਿਰ ਤਾਂ ਵਸਦਾ ਹੈ, ਪਹਿਚਾਣੇ ਨੇ ਸਭ ਚਿਹਰੇ,
ਬਸ ਮੇਰਾ ਈ ਕਿਸੇ ਨਾਲ ਹੁਣ, ਰਾਬਤਾ ਨਹੀਂ ਰਿਹਾ।

ਜਦ ਤੱਕ ਮੇਰੇ ਪਿੰਡੋਂ ਸੜਕ ਜਾਂਦੀ ਹੈ ਤੇਰੇ ਸ਼ਹਿਰ ਨੂੰ,
ਮੈਂ ਕਿਸਤਰ੍ਹਾ ਕਹਾਂ ਕਿ ਸ਼ਹਿਰ ਨਾਂ ਨਾਤਾ ਨਹੀਂ ਰਿਹਾ।

ਉਹ ਮਹਿਫ਼ਲਾਂ ਤੇ ਦਿਲਲਗੀ, ਹਾਦਸੇ ਉਹ ਕਹਿ ਕਹੇ,
ਮਹਿਲ ਉਸਰ ਗਏ ਨੇ, ਬੈਠਣ ਨੂੰ ਹਾਤਾ ਨਹੀਂ ਰਿਹਾ।

ਇਕ ਭਰਮ

ਇਕ ਭਰਮ ਮੈਂ ਨਿਬਾਹ ਰਿਹਾ ਹਾਂ।
ਕਿ ਅੱਜ ਵੀ, ਉਸ ਨੂੰ, ਚਾਹ ਰਿਹਾ ਹਾਂ।

ਸੁਨਾਮੀ ਰੋੜ੍ਹ ਲੈ ਗਈ ਜੋ ਸੀ ਕੁਛ ਮੇਰਾ
ਬਚਿਆ ਗੰਗਾ ਵਿਚ ਵਹਾ ਰਿਹਾ ਹਾਂ।

ਗੁਜ਼ਰੇ ਦੀ ਤੌਹੀਨ ਨਹੀਂ ਕਰਿਆ ਕਰਦੇ,
ਕਿ ਸਭ ਰਸਮਾਂ ਨਿਭਾਹੀ ਜਾ ਰਿਹਾ ਹਾਂ।

ਇਕ ਅੱਲੇ ਜ਼ਖ਼ਮ ਨੇ ਤੇ ਦੂਜੇ ਨਾਖ਼ੁਨ ਮੇਰੇ,
ਇਨਾਂ ਨੂੰ ਸ਼ੁਗਲਬਾਜ਼ੀ ਤੋਂ ਬਚਾ ਰਿਹਾ ਹਾਂ।

ਬਹੁਤ ਇ੍ਰਤਿਆਤ ਰਖਿਆ ਫ਼ਿਰ ਵੀ ਮੈਂ
ਕੁਝ ਛਿੱਲਤਰਾਂ ਅੱਜ ਵੀ ਹੰਢਾ ਰਿਹਾ ਹਾਂ।

ਨੰਗੇ ਪੈਰਾਂ ਵਿਚ ਕੰਡਿਆਂ ਦੀ ਚੁੱਭਣ ਦਾ,
ਬੱਸ, ਜ਼ਰਾ ਗੁਰਦਾ ਅਜਮਾ ਰਿਹਾ ਹਾਂ।

ਉਸਨੂੰ ਭੁੱਲਣਾ ਸੁੰਨੇ ਖੂਹ 'ਚ ਛਾਲ ਵਾਂਗੂੰ,
ਹੱਥੀਂ ਯਾਦ ਉਸਦੀ ਡੋਬਣ ਜਾ ਰਿਹਾ ਹਾਂ।

ਰੱਬ ਵੀ ਥੱਕ ਗਿਆ ਹੋਣਾ ਤਸੀਹੇ ਦਿੰਦਾ,
ਕਿ ਉਸਦੀ ਕੁਦਰਤ ਨੂੰ ਠੁੱਕਰਾ ਰਿਹਾ ਹਾਂ।

ਜਿਥੇ ਤੂੰ ਨਹੀਂ, ਹੁਣ ਮੈਂ ਵੀ ਨਾ ਰਹਿਸਾਂ,
ਲੈ ਸਾਂਭ ਕੁੰਜੀਆਂ, ਕਿ ਮੈਂ ਜਾ ਰਿਹਾ ਹਾਂ।

‘‘ਦੀਵੇ ਦਾ ਰਿਸ਼ਤਾ, ਰਿਹਾ ਖ਼ੂਬ ਹਵਾ ਨਾਂ,
ਬਲਿਆ ਤਾਂ ਹਵਾ ਨਾਂ, ਬੁਝਿਆ ਤਾਂ ਹਵਾ ਨਾਂ’’

ਘਰ ਆਪਣੇ ਵਿਚ ਰਹਿੰਦਾਂ

ਘਰ ਆਪਣੇ ਵਿਚ ਰਹਿੰਦਾਂ ਲੇਕਿਨ, ਭੋਗਾਂ ਜਿਵੇਂ ਬਣਵਾਸ ਜਿਹਾ,
ਕੁਛ ਵੀ ਨਾ ਰਹਿ ਜਾਂਦਾ ਬਾਕੀ ਜਦ ਟੁੱਟ ਜਾਂਦੈ ਵਿਸ਼ਵਾਸ ਜਿਹਾ।

ਜਿਸਮਾਂ ਤੇ ਕਰ ਲਉ ਭਾਵੇਂ ਕਬਜ਼ਾ, ਰੂਹ ਤਾਂ ਸਦਾ ਆਜ਼ਾਦ ਰਹੇ,
ਪਿਆਰ ਤਾਂ ਇਕ ਪਹਿਚਾਣ ਹੁੰਦੀ ਹੈ ਤੇ ਨਿੱਘਾ ਅਹਿਸਾਸ ਜਿਹਾ।

ਪੈਰ ਜਿਨ੍ਹਾਂ ਮੰਜ਼ਿਲ ਤੈਅ ਕਰਨੀ, ਆਖਿਰ ਨੂੰ ਤਾਂ ਥੱਕਣਾ ਹੈ,
ਸਾਥ ਅਗਰ ਕੋਈ ਹੋਵੇ ਅਪਣਾ ਤਾਂ ਬਣਿਆ ਰਹੇ ਧਰਵਾਸ ਜਿਹਾ।

ਅੰਦਰ ਦਿਲਾਂ ਦੇ ਕੀ ਗੁਜ਼ਰਦੀ ਖੋਹਲ ਕੇ ਦੱਸ ਦਿਖਾਣਾ ਕੀ,
ਖੁਸ਼ ਮਖੋਟੇ ਪਹਿਨ ਕੇ ਫ਼ਿਰੀਏ ਖੁਸ਼ਫ਼ਹਿਮੀਆਂ ਦਾ ਲਿਬਾਸ ਜਿਹਾ।

ਨਹੀਂ ਜਾਣਾ ਅਸਾਂ ਓਸ ਘਰ ਵੱਲੇ, ਕੰਧਾਂ ਰੋਵਣ ਭਾਵੇਂ ਜੱਗ ਆਖੇ,
ਓਥੇ ਵੱਸਦੇ ਆਮ ਜਿਹੇ ਹੁਣ, ਨਹੀਉਂ ਵੱਸਦਾ ਕੋਈ ਖਾਸ ਜਿਹਾ।

ਤੇਰੇ ਚਲੇ ਜਾਣੇ ਦੇ ਬਾਦ

ਤੇਰੇ ਚਲੇ ਜਾਣੇ ਦੇ ਬਾਦ ਮੈਂ ਰੋਇਆ ਈ ਨਹੀਂ ਕਦੇ।
ਜੋ ਦਿਲ 'ਚ ਸੀ ਮੈਥੋਂ ਕਹਿ ਹੋਇਆ ਈ ਨਹੀਂ ਕਦੇ।

ਦਿਲਸਨਾਸ਼ ਸੀ ਕੋਈ ਤਾਂ ਸੁੱਚੇ ਮੋਤੀ ਸਨ ਮੇਰੇ ਆਂਸੂ,
ਐਂਵੇ ਹੰਝੂਆਂ ਦਾ ਹਾਰ, ਪਰੋਇਆ ਈ ਨਹੀਂ ਕਦੇ।

ਤੂੰ ਦਿਲ ਮੇਰੇ ਦਾ ਮਹਿਰਮ ਬਣ ਸਕਿਉਂ ਹੀ ਨਹੀਂ
ਓਦਾਂ ਮੈਂ ਹਾਲੇ ਦਿਲ ਤੈਥੋਂ ਲੁਕੋਇਆ ਈ ਨਹੀਂ ਕਦੇ।

ਕੰਡਿਆਂ ਦਾ ਕੰਮ ਖੁੱਭਣਾ, ਖੁੱਭਣ ਪੈਂਦਾ ਹੈ ਫਰਕ ਕੀ,
ਚਲਦਾ ਰਿਹਾਂ ਇਕ ਲੋਰ ਖਲੋਇਆ ਈ ਨਹੀਂ ਕਦੇ।

ਤੂੰ ਦੂਰ ਚਲਾ ਗਿਐਂ, ਇਹ ਤੈਨੂੰ ਲਗਦਾ ਸੀ ਸੱਜਣਾ,
ਮੈਨੂੰ ਪੁੱਛ ਕਿ ਤੂੰ ਮੈਥੋਂ ਦੂਰ ਹੋਇਆ ਈ ਨਹੀਂ ਕਦੇ।

ਨਾ ਰੰਗੀਨੀਆਂ ਦੀ ਘਾਟ ਸੀ, ਬਾਜ਼ਾਰ ਵੀ ਬੜੇ ਸਨ,
ਬਾਜ਼ਿਦ ਦਿਲ ਕਿਤੇ ਹੋਰ, ਖੜੋਇਆ ਈ ਨਹੀਂ ਕਦੇ।

ਦੁਨੀਆਂ ਦਾ ਫਿਕਰ ਕਰਾਂ ਯਾ ਖੁਦ ਦੀ ਸਾਰ ਲਵਾਂ
ਇਸ ਗੱਲ ਦਾ ਫੈਸਲਾ ਮੈਥੋਂ ਹੋਇਆ ਈ ਨਹੀਂ ਕਦੇ।

ਹੀਰਾ ਤਾਂ ਪੱਥਰ ਵਿਚ ਹੀ ਸੀ, ਇਹ ਤਾਂ ਪਤਾ ਸੀ
ਪੱਥਰ ਬਣ ਰਿਹਾਂ, ਤਾਰਾਸ਼ ਹੋਇਆ ਈ ਨਹੀਂ ਕਦੇ।



ਬਸ, ਜ਼ਰਾ ਕੁ ਦੁੱਖਦਾ ਹੈ

ਬੀਜਿਆ, ਸਿੰਜਿਆ, ਵਧਿਆ ਫੁੱਲਿਆ ਇਕ ਬੂਟਾ ਮੇਰਾ ਚਾਵਾਂ ਦਾ,
ਫ਼ੁੱਲਾਂ ਦਾ ਜਦ ਵੇਲਾ ਆਇਆ, ਓਹ ਕੰਡਾ ਬਣ ਗਿਆ ਰਾਹਵਾਂ ਦਾ।

ਪਾਪਾ ਪਾਪਾ ਲਾਡ ਲਡਾਉਂਦਿਆਂ ਇਕ ਪੱਲ ਜੋ ਦੂਰ ਨਾ ਰਹਿੰਦਾ ਸੀ,
ਦੇ ਡੰਗੋਰੀ ਟੁਰ ਗਿਆ ਅਜ ਮੈਨੂੰ, ਜੋ ਕਲ ਸੀ ਮੇਰੀਆਂ ਬਾਹਵਾਂ ਦਾ।

ਸੁੱਖਾਂ ਸੁੱਖ ਸੁੱਖ ਲਾਲ ਲਏ ਜਿਨ੍ਹਾਂ, ਉਮਰ ਗੁਜ਼ਾਰ 'ਤੀ ਪਾਲਦਿਆਂ,
ਨਵੀਂ ਪਨੀਰੀ ਭਾਈ ਨਵਾਂ ਜ਼ਮਾਨਾ, ਜਿਗ਼ਰਾ ਅਜ਼ਮਾਉਂਦੇ ਮਾਵਾਂ ਦਾ।

ਆਸ ਬੇਆਸੀ ਹੋ ਜਾਂਦੀ ਜਦ, ਫ਼ਿਰ ਕੌਣ ਔਸੀਆਂ ਪਾਉਂਦਾ ਹੈ,
ਕਾਵਾਂ ਰੌਲੀ ਵੱਢ ਵੱਢ ਖਾਂਦੀ, ਫ਼ਿਰ ਕੀ ਕਰਨਾ ਕੋਠੇ ਕਾਵਾਂ ਦਾ।

ਆਪਣਿਆਂ ਸੰਗ ਸਹਿਜ ਸੁਹਾਵਾਂ, ਸਭ ਆਲਾ ਦੁਆਲਾ ਮਹਿਕ ਪਵੇ,
ਬਣ ਲੋਆਂ ਜੋ ਸਾੜਨ ਪਿੱਤਾ ਫ਼ਿਰ ਕੀ ਫ਼ਾਇਦਾ ਉਹਨਾ ਹਵਾਵਾਂ ਦਾ।

ਦੂਰ ਰਹੁ, ਪਰ ਸਾਡੇ ਦਿਲ ਵਸਨਾ ਏਂ, ਸ਼ੇਰਾ! ਸਦਾ ਰਹੇਂ ਖ਼ੁਸ਼ ਤੂੰ,
ਬੁੱਢਾ ਬਾਪ ਹੋ ਆਜ਼ਜ਼ ਕਹਿੰਦਾ ਰੱਬਾ ਅਸਰ ਕਰੀਂ ਮੇਰੀ ਦੁਆਵਾਂ ਦਾ।

ਏਹ ਦਿਲ ਠਰਦਾ ਹੀ ਜਾਂਦਾ ਹੈ

ਏਹ ਦਿਲ ਠਰਦਾ ਹੀ ਜਾਂਦਾ ਹੈ, ਆ ਨਿੱਘ ਵੰਡ ਲਈਏ ਭੋਰਾ ਭੋਰਾ।
ਜ਼ਰਾ ਦਿਲਾਂ ਵਿਚ ਤਪਸ਼ ਲਿਆਦੇ ਜੰਮਿਆਂ ਸਰਦ ਰੁੱਤਾਂ ਦਾ ਕੋਹਰਾ।

ਏਨਾ ਕਿਹਾਂ ਤਾਂ ਰੱਬ ਮੰਨ ਜਾਂਦੈ, ਲੈ ਤੈਨੂੰ ਵੱਡਾ ਮੰਨ ਲਿਆ ਉਸਤੋਂ,
ਸਾਡੀ ਹਸਤੀ ਬਸ ਤੇਰੇ ਕਰਕੇ ਮੰਨ ਲਾ ਸਜਣ ਮਾਰ ਨਾ ਲੋਹੜਾ।

ਬਹੁਤੀ ਉਮਰ ਗੁਜ਼ਾਰੀ ਤਾਹਨਿਆਂ, ਤੂੰ ਤਾਂ ਕਦੇ ਗਲਤ ਨਹੀ ਸੀਂ,
ਇਕ ਗਲਤੀ ਬਸ ਸਾਥੋਂ ਹੋ ਗਈ ਉਮਰ ਭਰ ਲਈ ਰਿਹਾ ਨਿਹੋਰਾ।

ਰੋਜ਼ ਅਸੀਂ ਬਾਲਣ ਪਏ ਪਾਈਏ, ਧੁੱਖਦੀ ਰਹੇ ਕਿਤੇ ਬੁੱਝ ਨਾ ਜਾਵੇ,
ਬਲ ਬਲ਼ਕੇ ਅਸੀਂ ਰਾਖ ਹੋ ਗਏ, ਤੈਨੂੰ ਸੇਕ ਨਾ ਆਇਆ ਭੋਰਾ।

ਅਉਧ ਬੀਤਦੀ ਜਾਂਦੀ ਓ ਸੱਜਣਾ ਫ਼ਿਰ ਏਹ ਵੇਲਾ ਨਹੀਂ ਥਿਆਉਣਾ
ਪਿਆਰ ਦਾ ਤੁੱਪਕਾ ਆ ਬੁਲੀਂ ਲਾਈਏ ਰੱਤੀ ਰੱਤੀ ਭਰ ਥੋੜਾ ਥੋੜਾ।



ਤੈਨੂੰ ਆਖਿਆ ਤਾਂ ਸੀ ਸੱਜਣਾ!

ਤੈਨੂੰ ਆਖਿਆ ਤਾਂ ਸੀ ਸੱਜਣਾ! ਕਿ ਸ਼ਹਿਰ ਨਾ ਜਾਵੀਂ,
ਵੱਸਦਾ ਰਹਿਣ ਦੇ ਪਿੰਡ, ਨਾ ਕਰੀਂ ਕਹਿਰ ਨਾ ਜਾਵੀਂ।

ਪਰ ਜੇ ਛੱਡ ਜਾਣ ਦਾ ਇਰਾਦਾ ਬਣਾ ਹੀ ਲਿਆ ਹੈ ਤਾਂ,
ਲਗਾ ਗਲੇ ਇਕ ਵਾਰ ਪਲ ਕੁ ਰੁੱਕੀਂ ਠਹਿਰ ਨਾ ਜਾਵੀਂ।

ਮਿੱਠੇ ਬੋਲ ਬੋਲੀਏ ਕਿ ਫ਼ਿਰ ਮਿਲੀਏ ਤਾਂ ਬੁਰਾ ਨ ਲਗੇ,
ਖੰਡ ਮਿਸ਼ਰੀ ਇਸ਼ਕ ਦੀ ਚ ਮਿਲਾ ਜ਼ਹਿਰ, ਨਾ ਜਾਵੀਂ।

ਪੱਕੀ ਸੜਕ, ਚਮਕਦੇ ਬੂਟ ਸਿੱਧੇ ਸ਼ਹਿਰ ਨੂੰ ਜਾਂਦੇ ਨੇ,
ਕੰਡੇ ਉਗ ਪਏ ਨੇ ਓਥੇ, ਨਾ ਜਾਵੀਂ ਨਹਿਰ ਨਾ ਜਾਵੀਂ।

ਅੱਜੇ ਤਾਂ ਗੱਲ ਬਾਕੀ ਸੀ, ਨੀਂਦ ਕਿਉਂ ਘੇਰਿਆ ਮੈਨੂੰ,
ਰੁੱਕ ਜਾ ਹੋਰ ਥੋੜੀ ਦੇਰ, ਪਹਿਲੇ ਪਹਿਰ, ਨਾ ਜਾਂਵੀ।

ਅਜੇ ਧੁੰਦ ਸਹੀ

ਅਜੇ ਧੁੰਦ ਸਹੀ, ਦਿਨ ਚੜਿਆ ਤਾਂ ਉਡ ਜਾਏਗੀ।
ਫ਼ਿਰ ਦੇਖੀਂ ਤੈਨੂੰ ਹਰ ਸ਼ਕਲ ਸਾਫ਼ ਨਜ਼ਰ ਆਏਗੀ।

ਰਿਸ਼ਤਾ ਹੈ ਕੀ, ਇਕ ਡੋਰ ਕਦੇ ਪੱਕੀ ਕਦੇ ਕੱਚੀ,
ਏਨਾ ਤਣਾਅ ਮਤ ਦੇ, ਕਿ ਟੁੱਟ ਜਾਏਗੀ।

ਪਿਆਰ, ਮੁਹੱਬਤ, ਦੋਸਤੀ, ਖਲੂਸ ਤੇ ਤੇਹ ਵੀ,
ਅਹਿਸਾਸ ਨੇ, ਸ਼ੱਕ ਮਿਜਾਜ਼ੀ ਰਾਖ ਕਰ ਜਾਏਗੀ।

ਕਿਸੇ ਦਾ ਹੈਂ ਤਾਂ ਬੁੱਕਲ ਦੇ ਨਿੱਘ ਵਿਚ ਬੈਠ ਰਹੁ,
ਸੀਤ ਬਾਹਰਲੀ ਤੇਰਾ, ਭਲਾ ਕੀ ਵਿਗਾੜ ਪਾਏਗੀ।

ਸੱਜਣ ਕਹਿ ਲਈਏ ਤਾਂ ਫ਼ਿਰ ਸਵਾਲ ਕੀ ਕਰਨਾ,
ਝੁੱਕੀ ਨਜ਼ਰ ਸਾਹਵੇਂ ਤੇਰੀ ਨਜ਼ਰ ਨਾ ਟਿੱਕ ਪਾਏਗੀ।

ਖ਼ਲੂਸ ਜਿੰਦਾ ਹੈ ਤਾਂ ਸਭ ਕੁਛ ਈ ਜ਼ਿੰਦਾ ਹੈ ਯਾਰਾ,
ਗੁੱਥੀ ਸਦਾ ਉਲਝੀ ਨਹੀਂ ਰਹਿੰਦੀ ਸੁੱਲਝ ਜਾਏਗੀ।

ਵਾਅਦੇ ਜ਼ੁਬਾਨ ਦੇ ਕੱਚੇ, ਤੇ ਨਜ਼ਰ ਦੇ ਸੱਚੇ ਨੇ ਹੁੰਦੇ,
ਲੋੜੇਂ ਜਵਾਬ! ਤਾਂ ਤੇਰੀ ਆਪਣੀ ਨਜ਼ਰ ਬਤਾਏਗੀ।

ਹਰ ਰਾਤ ਤੋਂ ਬਾਦ ਨਵਾਂ ਸੂਰਜ ਚੜ੍ਹੇਗਾ ਲਾਜ਼ਮ ਹੈ,
ਆਸ ਕਿਰਨ ਜਾਗੇਗੀ, ਰੌਸ਼ਨੀ ਬਿਖ਼ਰ ਜਾਏਗੀ।

‘‘ਮੁੱਲ, ਇਕ ਅੱਟੀ, ਜਾਂ ਘਾਹ ਦੀ ਤਿੜ੍ਹ ਪਾ, ਬਸ ਖਰੀਦ ਲੈ ਮੈਨੂੰ
‘ਲਾਵਾਰਸਾ’ ਕਹਿੰਦੀ ਜਦੋਂ ਦੁਨੀਆਂ, ਤਾਂ ਮੈਂ ਸੱਚੀਂ ਮਰ ਜਾਂਦਾ ਹਾਂ’’

ਚਲੋ ! ਜ਼ਰਾ ਜ਼ਰਾ ਕਰਕੇ ਹੀ

ਚਲੋ ! ਜ਼ਰਾ ਜ਼ਰਾ ਕਰਕੇ ਹੀ, ਹਨੇਰਾ ਘਟੇਗਾ ਤਾਂ ਸਹੀ।
ਬੂੰਦ ਬੂੰਦ ਹੀ ਸਹੀ ਆਖਿਰ, ਗਲਾਸ ਭਰੇਗਾ ਤਾਂ ਸਹੀ।

ਬੰਦ ਕਰ ਦਿਉਗੇ ਦੇਣਾ, ਜੇ ਪੌਦੇ ਨੂੰ ਪਾਣੀ ਤੁਸੀਂ ਯਾਰੋ,
ਅਜ ਨਾ ਸਹੀ, ਕੱਲ, ਪਰਸੋਂ, ਨਰਸੋਂ ਮਰੇਗਾ ਤਾਂ ਸਹੀ।

ਰਜਾਈਆਂ ਦੇ ਲਈਓ ਭਾਵੇਂ, ਕੰਬਲ ਓੜ ਬਹਿ ਜਾਈਓ
ਜਿਸ ਜਜ਼ਬੇ ਨਹੀਂ ਗਰਮੀ, ਉਹ ਤਾਂ ਠਰੇਗਾ ਹੀ ਸਹੀ।

ਖਿਲਾਉਣਾ ਵਾਅਦਿਆਂ ਦਾ ਜੋ, ਫ਼ੜਾ ਵਰਚਾ ਜਾਂਦੇ ਹੋ,
ਬਣਾਇਆ ਮਹਿਲ ਰੇਤੇ ਤੇ, ਆਖਿਰ ਢਹੇਗਾ ਤਾਂ ਸਹੀ।

ਜਦੋਂ ਰੁੱਸ ਸੱਜਣ ਤੁਰ ਜਾਂਦੇ, ਕਲੇਜਾ ਮੂੰਹ ਚ ਆ ਪੈਂਦਾ,
ਦਿਲਾਸੇ ਦੇ ਲਈਓ ਭਾਵੇਂ, ਦਿਲ ਹੈ ਫਿੱਸੇਗਾ ਤਾਂ ਸਹੀ।

ਦਿਲ ਹੁੰਦਾ ਨਹੀਂ ਪੱਥਰ, ਐਵੇਂ ਅਜਮਾਉਣ ਕੀ ਬਹਿਣਾ,
ਤਾਅਨਿਆਂ ਮੇਹਣਿਆਂ ਦੀ ਚੋਟ ਨਾਲ ਟੁੱਟਗੇ ਤਾਂ ਸਹੀ।



ਉਹ ਘਰ ਦੇ ਬਾਹਰ ਤਾਂ ਆਏ

ਉਹ ਘਰ ਦੇ ਬਾਹਰ ਤਾਂ ਆਏ, ਲੇਕਿਨ ਅੰਦਰ ਨਹੀਂ ਆਏ।
ਪਿਆਸ ਇਕ ਬੂੰਦ ਪਾਣੀ ਲਈ, ਕੰਮ ਸਮੰਦਰ ਨਹੀਂ ਆਏ।

ਮੰਦਿਰ ਵਿਚ ਪਹੁੰਚ ਨੇ ਜਾਂਦੇ, ਸਮਗ਼ਰੀ ਲੈ ਕੇ ਪੂਜਾ ਦੀ,
ਤੱਕਦਾ ਦਿਲ ਰਿਹਾ ਰਾਹਾਂ, ਓਹ ਮਨ-ਮੰਦਿਰ ਨਹੀਂ ਆਏ।

ਨੁਮਾਇਸ਼ ਖ਼ੂਬ ਲਗੀ ਸੀ ਓਥੇ ਅਮੀਰਤ ਮਾਲੋ ਜ਼ਰ ਦੀ ਤਾਂ,
ਲੇਕਿਨ ਬੇ ਮੁਲ ਫ਼ੱਕਰ ਸਨ ਜੋ, ਉਹ ਕਲੰਦਰ ਨਹੀਂ ਆਏ।

ਜੇ ਭੁੱਲ ਹੋ ਗਈ ਤਾਂ ਦੇਵੇ ਬਖ਼ਸ਼, ਕਹਿੰਦੇ ਬਖ਼ਸ਼ਣਾ ਵੱਡਾ,
ਏਹ ਸ਼ਾਨੇ ਬਰਖ਼ਿਲਾਫ਼ੀ ਹੈ ਉਸਦੀ ਜੇ ਅੰਦਰ ਨਹੀਂ ਆਏ।

ਸਾਡਾ ਕੁਛ ਵੀ ਨਹੀਂ ਜਾਣਾ, ਫ਼ਰਕ ਉਹਨੂੰ ਬਹੁਤ ਪੈਣਾ,
ਭਲਾ ਕੀ ਕਹਿਣਗੇ ਲੋਕੀਂ, ਜੇ ਉਹ ਅੰਦਰ ਨਹੀਂ ਆਏ।

ਉਹ ਇਕ ਵਕਤ ਸੀ ਜਦੋਂ ਮੈਂ

ਉਹ ਇਕ ਵਕਤ ਸੀ ਜਦੋਂ ਮੈਂ, ਤੈਨੂੰ ਯਾਦ ਕਰ ਰੋਇਆ।
ਹੁਣ ਨਾਮ ਲਿਆ ਜਦ ਤੇਰਾ ਤਾਂ ਮੈਨੂੰ ਕੁਝ ਨਹੀਂ ਹੋਇਆ।

ਵਕਤ ਜ਼ਖ਼ਮਾਂ ਨੂੰ ਭਰ ਦਿੰਦਾ, ਕਿਹਾ ਤਾਂ ਸੱਚ ਹੀ ਹੋਣਾ,
ਗਰਦ ਨੇ ਘੇਰਿਆ ਸ਼ੀਸ਼ਾ, ਕੁਝ ਪਹਿਚਾਣ ਨਹੀਂ ਹੋਇਆ।

ਤਮੰਨਾ ਦਾ ਕਤਲ ਕਰਨਾ, ਬਹੁਤ ਮੁਸ਼ਕਲ ਤਾਂ ਸੀ ਲੇਕਿਨ,
ਪੱਲਾ ਸੀ ਹੀ ਜਦ ਖਾਲੀ, ਹਰਖ਼ ਕੀ ਖ਼ਰਚ ਨਹੀਂ ਹੋਇਆ।

ਜੋ ਵੱਸ ਬਹਿ ਨਾਲ ਸੱਜਣਾ ਦੇ, ਬੁੱਕਲ ਦਾ ਨਿੱਘ ਮਾਣਦੇ ਨੇ,
ਉਨਾਂ ਨੂੰ ਫ਼ਰਕ ਨਾ ਪੈਂਦਾ, ਕਿ ਕਿੱਸਾ ਪੂਰਾ ਨਹੀਂ ਹੋਇਆ।

ਓਹ ਰੋਜ਼ ਕਤਲ ਕਰਦਾ ਸੀ, ਤੇ ਹਰ ਰੋਜ਼ ਜਿਵਾਉਂਦਾ ਸੀ,
ਹੁਣ ਤਾਂ ਦਿਲ ਦੇ ਟੁੱਟਣ ਤੇ ਮੈਂ ਨ ਹੱਸਿਆ ਤੇ ਨ ਰੋਇਆ

ਰੁੱਸਣ ਰੁਸਾਣਾ ਬਹੁਤ ਹੋ ਗਿਆ

ਰੁੱਸਣ ਰੁਸਾਣਾ ਬਹੁਤ ਹੋ ਗਿਆ, ਚੱਲ ਮੰਨ ਮੰਨਈਆ ਕਰ ਲਈਏ।
ਇਕੋ ਹਵਾ ਵਿਚ ਸਾਹ ਲਈਏ ਤੇ ਦਿਲਾਂ ਦੋਹਾਂ ਦੀ ਧੜਕਣ ਸੁਣੀਏ।

ਦੁਨੀਆਂ ਦੀ ਪ੍ਰਵਾਹ ਨਾ ਕਰੀਏ, ਕਦੇ ਆਪਣੀ ਮਰਜ਼ੀ ਵੀ ਕਰੀਏ,
ਆ! ਜਲ਼ਦਿਆਂ ਨੂੰ ਹੋਰ ਜਲ਼ਾਈਏ, ਹੱਥ ਵਿਚ ਫੜ ਹੱਥ ਤੁਰੀਏ।

ਗਿਲੇ, ਸ਼ਿਕਵੇ ਤੇ ਸਭ ਸ਼ਕਾਇਤਾਂ, ਅਗਲੇ ਜਨਮ ਵਿਚ ਕਰ ਲਾਂਗੇ,
ਵਰਤਮਾਨ ‘ਚ ਪਿਆਰ ਪਿਆਰ ਬਸ ਬੇਹੱਦ ਪਿਆਰ ਚੱਲ ਕਰੀਏ।

ਪਾਣਾ ਹੈ ਤਾਂ ਬੀਬਾ ਖ਼ੋਣਾ ਪੈਣਾ,ਤਰਨਾ ਹੈ ਤਾਂ ਪਹਿਲਾਂ ਡੁੱਬਣਾ ਪੈਣਾ,
ਇਸ਼ਕ ਸਮੁੰਦਰ ‘ਚ ਟੁੱਬੀਆਂ ਲਾਈਏ, ਬਿਨਾ ਬੇੜੀਉਂ ਫ਼ੇਰ ਤਰੀਏ।

ਜੇ ਆਪਾਂ ਇੱਕਮਿੱਕ ਹੋ ਜਾਈਏ, ਦੇਖੀਂ ਰੱਬ ਵੀ ਹੋ ਕੇ ਨਾਲ ਤੁਰੂ,
ਹੱਸਦਿਆਂ ਕੋਲ ਆ ਸਭ ਬਹਿੰਦੇ ਨੇ, ਏਹ ਰੋਣਾ ਧੋਣਾ ਬੱਸ ਕਰੀਏ।

ਕੁਛ ਯਾਦਾਂ ਸਹਾਰੇ ਓਸ...

ਕੁਛ ਯਾਦਾਂ ਸਹਾਰੇ ਓਸ, ਸੁਪਨਾ ਸਜਾ ਲਿਆ ਸੀ,
ਏਦਾਂ ਹੋਰ ਦਿਨ ਜੀਣ ਦਾ ਬਹਾਨਾ ਬਣਾ ਲਿਆ ਸੀ।

ਸੂਰਜ ਵੀ ਓਹੀ ਸੀ ਤੇ ਉਸਦਾ ਸੇਕ ਵੀ ਓਹੀ,
ਧਰਤੀ ਨੇ ਦੂਰ ਜਾ ਕੇ, ਨਿੱਘ ਗਵਾ ਲਿਆ ਸੀ।

ਦਿਲ ਹੀ ਨਹੀਂ ਹੋਰ ਸਭ ਕੁਛ ਈ ਟੁੱਟ ਗਿਆ ਸੀ,
ਠੀਕਰੀਆਂ ਦੇ ਨਾਲ ਉਸ, ਦਿਲ ਰਿਝਾ ਲਿਆ ਸੀ।

ਫ਼ੁੱਲ ਨੂੰ ਤਾਲ਼ਾਸ਼ਦਿਆਂ, ਦਾਮਨ ਲ਼ੀਰ ਹੋ ਗਿਆ ਸੀ,
ਦਰਜ਼ੀ ਨਵੇਂ ਦੇ ਹੱਥ ਸੀ ਕਿ ਰਫ਼ੂ ਕਰਾ ਲਿਆ ਸੀ।

ਇਕ ਜ਼ਖ਼ਮ ਅਵੈੜਾ ਸੀ, ਰਿੱਸਦਾ ਹੀ ਰਹਿੰਦਾ ਸੀ,
ਇਕ ਦਿਨ ਅੱਕ ਕੇ ਉਸ ਅੰਗ ਕਟਵਾ ਲਿਆ ਸੀ।

ਪਹਿਲੀ ਉਮਰੇ ਰਲ ਇਕ ਦੋਗਾਣਾ ਜੋ ਲਿਖਿਆ ਸੀ
ਸਾਥੀ ਨਹੀਂ ਮਿਲਿਆ, ਤਾਂ ਖ਼ੁਦ ਹੀ ਗਾ ਲਿਆ ਸੀ।

'ਧੁਆਂਖੀ ਆਸ ਦਾ ਸਫ਼ਰ' ਜਿਉਂ ਜ਼ਖ਼ਮ ਖੁਰੇਦਣਾ ਸੀ,
ਓਹ ਚਾਹੁੰਦਾ ਨਹੀਂ ਸੀ ਕਲਮ ਨੇ ਲਿਖਵਾ ਲਿਆ ਸੀ।

ਆਪਣੇ ਆਪ ਨਾਲ

ਦੁਖਣਾ ਹੈ, ਤਾਂ ਦੁੱਖਦਾ ਰਹੁ।
ਪਰ ਤੂੰ ਮੈਨੂੰ, ਕੁਝ ਨਾ ਕਹੁ।

ਕੋਈ ਫ਼ਰਕ ਹੁਣ ਨਹੀਂ ਪੈਂਦਾ,
ਭਰਦਾ ਰਹੁ ਜਾਂ ਫਿੱਸਦਾ ਰਹੁ।

ਚੀਖਾਂ ਮਾਰ ਜਾਂ ਗੁੰਗਾ ਹੋ,
ਗੱਲ ਗੱਲ ਤਨਜ਼ ਕੱਸਦਾ ਰਹੁ।

ਮੈਂ ਸਮਝਣ ਤੋਂ ਇੰਨਕਾਰੀ ਹਾਂ,
ਤੇਰੀ ਮਰਜ਼ੀ ਬੋਲ ਥੱਕਦਾ ਰਹੁ।

ਬਦਨੀਤੀ ਤੇਰੀ ਨੀਯਤ ਚ ਹੈ,
ਕਿਉਂ ਪੈਰਾਂ ਨੂੰ ਦੋਸ਼ ਦਵੇਂ।

ਲੋਕੀ ਕੰਡਿਆਂ ਉਤੇ ਤੁਰ ਲੈਂਦੇ
ਤੂੰ ਫ਼ੁੱਲਾਂ 'ਤੇ ਵੀ ਅੱਕਦਾ ਰਹੁ।

ਕਿਹਾ ਸੀ, ਇਸ਼ਕ ਉਜਾੜੂਗਾ,
ਮੰਨਿਆਂ ਨਹੀਂ, ਜ਼ਿੱਦ ਲੈ ਬੈਠੋਂ।

ਹੁਣ ਭੁਗਤ ਏਸਦਾ ਖ਼ਮਿਆਜ਼ਾ
ਵਾਂਗ ਦੀਵੇ ਰਾਤੀਂ ਜਗਦਾ ਰਹੁ।

ਰਸਤਿਆਂ ਨਾਲ ਹੋ ਵਾਬਸਤਾ,
ਰਸਤੇ ਹੀ ਜੀਵਨ ਦਾ ਅਧਾਰ।

ਮੰਜ਼ਿਲ ਦੀ ਵੀ ਵੇਖੀ ਜਾਊ,
ਰਸਤਿਆਂ ਉਤੇ ਚਲਦਾ ਰਹੁ।

ਮੈਂ ਹਾਜ਼ਰ ਨਹੀਂ ਹਾਂ ਏਥੇ

ਮੈਂ ਹਾਜ਼ਰ ਨਹੀਂ ਹਾਂ ਏਥੇ, ਤੈਨੂੰ ਐਵੇਂ ਈ ਲਗਦਾ ਹੈ,
ਜੋ ਸਾਹਮਣੇ ਹੈ ਓਹ, ਕਿਸੇ ਹੋਰ ਦਾ ਕੁਝ ਲਗਦਾ ਹੈ।

ਟੁੱਕੜਿਆਂ 'ਚ ਵੰਡਿਆ ਗਿਆਂ, ਪੂਰਾ ਨਹੀਂ ਹਾਂ ਮੈਂ,
ਕੋਈ ਟੁੱਕੜਾ ਕਿਸੇ ਦਾ, ਕੋਈ ਕਿਸੇ ਦਾ ਲਗਦਾ ਹੈ।

ਅੱਖਾਂ ਵਿਚਲੇ ਹੰਝੂਆਂ ਕੁ ਜਿੰਨਾ ਪਾਣੀ ਹੈ ਇਸ ਵਿਚ,
ਨਾਮ ਦਾ ਦਰੀਯਾ ਹੈ, ਹੁਣ ਛੱਪੜ ਜਿਹਾ ਲਗਦਾ ਹੈ।

ਕੋਈ ਦਿਨ ਸਨ ਨਦੀ 'ਚ ਡੁੱਬਣ ਦੀ ਚਿਤਵਨਾ ਸੀ,
ਹੁਣ ਪਾਣੀ ਦਾ ਨਾਮ ਲਿਆਂ ਕਾਂਬਾ ਜਿਹਾ ਲਗਦਾ ਹੈ।

ਮਹਿਫ਼ਲ ਵਿਚ ਰੌਣਕਾਂ ਨੇ ਤੇ ਹਰ ਕੋਈ ਖਿੜਿਆ ਹੈ,
ਮੈਨੂੰ ਤਾਂ ਚਿਹਰਿਆਂ ਤੇ, ਮਖੌਟਾ ਚੜਿਆ ਲਗਦਾ ਹੈ।

ਓਹ ਮਸਤ ਮਸਤ ਨੱਚਦੀ ਸੀ, ਜਦੋਂ ਕੱਲੀ ਹੁੰਦੀ ਸੀ
ਨੱਚਣਾ ਭੁੱਲ ਗਈ, ਪੈਰੀਂ ਸੰਗਲ ਪਿਆ ਜਦ ਦਾ ਹੈ।

'ਸੋਹਲ' ਤੂੰ, ਸੋਹਲ ਹੈਂ, ਤੇ ਸੋਹਲ ਜਿਹੇ ਮਿਜ਼ਾਜ਼ ਤੇਰੇ,
ਸ਼ਿਬਲੀ ਮਾਰਿਆ ਫੁੱਲ ਤਦੇ ਪੱਥਰ ਜਿਹਾ ਲਗਦਾ ਹੈ।

ਚੱਲ ਮੁੜ ਆ ਪ੍ਰਕਾਸ਼! ਵਾਪਸ ਮੁੜ ਚੱਲੀਏ ਘਰ ਨੂੰ
ਇੰਤਜ਼ਾਰ ਚ ਬੈਠਾ ਹੈ ਜੋ ਓਹੀ ਸਭ ਕੁਛ ਲਗਦਾ ਹੈ।

ਵਕਤ ਗੁਜ਼ਰ ਗਿਆ ਭਾਈ...

ਲਗਦਾ ਹੈ ਕੋਈ ਸੱਪ ਹੈ ਕੱਖਾਂ ਵਿਚ ਸਰਸਰਾਹਟ ਹੈ।
ਕੀ ਪਤਾ ਬਰਸਾਤ ਦਾ, ਬੱਦਲਾਂ ਦੀ ਗੜਗੜਾਹਟ ਹੈ।

ਵਕਤ ਗੁਜ਼ਰ ਗਿਆ ਭਾਈ! ਗਿਆ ਮੁੜਦਾ ਹੈ ਕਦੀ?
ਫ਼ਿਰ ਵੀ, ਕੁਛ ਜਾਗ ਉਠਦੈ, ਜਦ ਹੁੰਦੀ ਆਹਟ ਹੈ।

ਥੱਕ ਗਿਆਂ, ਘਸ ਗਿਆਂ, ਬੋਡਾ ਹੋ ਚਲਿਆ ਹਾਂ ਮੈਂ,
ਸਫ਼ਰ ਬਾਕੀ ਅਜੇ ਮੇਰਾ, ਸੋਚ ਹੁੰਦੀ ਘਬਰਾਹਟ ਹੈ।

ਤਸਵੀਰ ਤੇਰੀ ਹੁਣ, ਮੇਰੇ ਨਾਲ ਗੱਲਾਂ ਨਹੀਂ ਕਰਦੀ,
ਕੰਧ ਨਾਲ ਚਿਪਕੀ ਹੈ, ਬੱਸ! ਮਹਿਜ਼ ਸਜਾਵਟ ਹੈ।

ਮੇਰੇ ਐਵੇਂ ਜਿਹੇ ਬੋਲ ਗੁਣਗਣਾਉਂਦੇ ਨਹੀਂ ਥੱਕਦੇ ਸਉ
ਹੁਣ, ਕਲਾਕਾਰ ਹੋ ਬੀਬਾ! ਕਿਯਾ ਖੂਬ ਬਨਾਵਟ ਹੈ।

ਦੋਸ਼ ਕਿਸੇ ਦਾ ਨਹੀਂ, ਮੈਂ ਈ ਬਦਲ ਗਿਆਂ, ਸ਼ਾਇਦ,
ਮੈਂ ਹੁਣ ਗੀਤ ਨਹੀਂ ਲਿਖਦਾ, ਮਹਿਜ਼ ਕੁਰਲਾਹਟ ਹੈ।

ਸਿਰ ਸਿੱਟ ਬੈਠ ਤਾਂ ਮਰਿਆ ਵੀ ਨਹੀਂ ਜਾਣਾ ਚੱਜ ਨਾ
ਬਾਹਰ ਦੇਖੋ ਪ੍ਰਕਾਸ਼! ਪੰਛੀਆਂ ਦੀ ਚਿਲਚਿਲਾਹਟ ਹੈ।

ਦੇਖਦੇ ਹੀ ਦੇਖਦੇ

ਦੇਖਦੇ ਹੀ ਦੇਖਦੇ ਇਕ ਹਰਾ ਬੂਟਾ, ਅੰਬੀ ਦਾ ਸੁੱਕ ਗਿਆ।
ਧਰਤੀ ਦਾ ਰਿਸ਼ਤਾ ਹੁੰਦਿਆਂ ਪਾਣੀ ਦਾ ਰਿਸ਼ਤਾ ਮੁੱਕ ਗਿਆ।

ਬਹੁਤ ਸੀ ਉਮੀਦ ਕਿ ਉਹ ਆਏਗਾ, ਤੇ ਗਲ਼ੇ ਲਗ ਰੋਵਾਂਗੇ,
ਬੂਹਾ ਤਾਂ ਖੁੱਲਾ ਹੀ ਸੀ ਪਰ ਓਹ ਬਰੂਹਾਂ ਤੇ ਆ ਰੁੱਕ ਗਿਆ।

ਹਰ ਸਮਤ ਸੀ ਰੋਸ਼ਨੀ, ਜਦ ਦੀਵੇ ਦੇ ਚੇਹਰੇ ‘ਨੂਰ’ ਸੀ,
ਬੱਤੀ ਦਾ ਧੂੰਆਂ ਰਹਿ ਗਿਆ, ਆਖਰ ਜਾਂ ਤੇਲ ਮੁੱਕ ਗਿਆ।

ਰਿਹਾ ਜੰਗਲਾਂ ‘ਚ ਖੋਜਦਾ, ਸਹਿਰਾ ਵੱਲ ਹੋ ਤੁਰਿਆ ਕਦੇ,
ਸਾਫ਼ ਜ਼ਾਹਿਰਾ ਦਿਸ ਪਿਆ, ਕਦੇ ਪਾਸ ਹੁੰਦੇ ਲੁੱਕ ਗਿਆ।

ਤੁਰਿਆ ਤਾਂ ਸੀ ਲੈ ਹੌਸਲਾ, ਰਸਤਾ ਵੀ ਬਹੁਤਾ ਟੇਢਾ ਨ ਸੀ,
ਹੁਣ ਚੌਰਾਹੇ ਖੜਾ ਸੋਚਦੈ ਕਿਸ ਮੋੜ ਤੇ ਸੀ ਓਹ ਉੱਕ ਗਿਆ।

ਏਹ ਮੁਹੱਬਤਾਂ ਦੇ ਸਿਲਸਿਲੇ, ਮਸਲੇ ਨਿੱਤ ਰੋਜ਼ੀ ਰੋਟੀ ਦੇ ਰੋਜ਼,
ਕੁਛ ਵੀ ਸਿਰੇ ਚੜ੍ਹਿਆ ਨਹੀਂ, ਖੜਾ ਸੋਚੇ ਕਿਥੋਂ ਚੁੱਕ ਗਿਆ।

ਪੱਲ ਦੋ ਪੱਲ ਲਈ

ਪੱਲ ਦੋ ਪੱਲ ਲਈ ਓਹ ਮੇਰੇ ਘਰ, ਆਇਆ ਹੀ ਤਾਂ ਸੀ,
ਦਹਿਲੀਜ਼ਾਂ ਚ ਰਤਾ ਕੁ ਰੁੱਕ ਤੇਲ ਚੁਆਇਆ ਹੀ ਤਾਂ ਸੀ।

ਮਹਿਫ਼ਲ ਭਰੀ ਪਈ ਸੀ, ਸਭ ਨਜ਼ਰਾਂ ਉਸਨੂੰ ਘੂਰਦੀਆਂ,
ਪਰ ਉਸਨੇ ਸਭ ਨੂੰ ਛੱਡ ਕੇ, ਮੈਨੂੰ ਬੁਲਾਇਆ ਹੀ ਤਾਂ ਸੀ।

ਲਿਖ਼ ਲਿਖ਼ ਸ਼ਾਇਰ ਕਿਤਾਬਾਂ ਭਰਦੇ, ਗੀਤਾਂ ਗ਼ਜ਼ਲਾਂ ਨਾਲ,
ਪਰ ਉਸਦੇ ਹੋਠਾਂ ਨੇ ਮੇਰਾ ਨਗ਼ਮਾਂ, ਗਾਇਆ ਹੀ ਤਾਂ ਸੀ।

ਚੁੱਪ ਚਾਪ ਉਹ ਬਿਨਾਂ ਕਿਹਾਂ ਕੁਛ, ਕੋਲੋਂ ਦੀ ਲੰਘ ਗਿਆ,
ਲੁੱਕ ਛੁੱਪ ਦੇਖ ਤਰਫ਼ ਮੇਰੀ, ਮੁਸਕਰਾਇਆ ਹੀ ਤਾਂ ਸੀ

ਨਜ਼ਰਾਂ ਨੇ ਨਜ਼ਰਾਂ ਨਾਲ ਵਾਇਦੇ ਕਰ ਲਏ ਸਨ ਉਮਰਾਂ ਦੇ,
ਬੋਲੀਂ ਵਾਇਦਾ ਕਰਨ ਤੋਂ ਓਹ, ਘਬਰਾਇਆ ਹੀ ਤਾਂ ਸੀ।

ਉਸਦਾ ਰੂਪ ਗੁਲਾਬੀ, ਮੇਰੀਆਂ ਰਾਤਾਂ 'ਚ ਰੰਗ ਭਰੇ,
ਖਵਾਬਾਂ ਵਿਚ ਹੀ ਸਹੀ, ਪਰ ਓਹ ਆਇਆਂ ਹੀ ਤਾਂ ਸੀ।

ਹਰ ਰੋਜ਼ ਧੁੱਪ ਆ ਕੇ, ਮੇਰੀ ਘਰ ਦੀ ਕੰਧ ਤੇ ਰੁੱਕ ਜਾਂਦੀ
ਮੇਰੇ ਘਰ ਅੰਦਰ ਉਹ ਚਾਨਣ ਲੈਕੇ ਆਇਆ ਹੀ ਤਾਂ ਸੀ।

ਕਹਿ ਦਿਉ ਉਸਨੂੰ ਕੋਈ

ਕਹਿ ਦਿਉ ਉਸਨੂੰ ਕੋਈ, ਓਹ ਆਹ ਨਾ ਭਰਿਆ ਕਰੇ,
ਗੁੰਮਸੁੰਮ ਨਾ ਰਹਿਆ ਕਰੇ, ਕੋਈ ਗੱਲ ਤਾਂ ਕਰਿਆ ਕਰੇ।

ਨਾਕਾਮ ਇਸ਼ਕ ਦੀ ਕਹਾਣੀ ਕਿਸੇ ਕੋਲ ਨਾ ਕਿਹਾ ਕਰੇ,
ਦਿਲ ਹੌਲ਼ਾ ਕਰਨ ਲਈ, ਰੁੱਖਾਂ ਸੰਗ ਗੱਲ ਕਰਿਆ ਕਰੇ।

ਬਹੁਤ ਹੋ ਗਿਆ ਏ ਰੋਣਾ, ਤਨਹਾਈਆਂ 'ਚ ਡੁੱਸਕਣਾ,
ਅੱਖਾਂ ਦਾ ਕੀ ਕਸੂਰ ਹੈ, ਜ਼ਰਾ ਤਰਸ ਤਾਂ ਕਰਿਆ ਕਰੇ।

ਦੂਰੀਆਂ ਅਜ਼ਮਾਇਸ਼ਾਂ ਨੇ ਇਮਤਿਹਾਨ ਸਾਡੇ ਸਹਿਣ ਦਾ,
ਏਹੀ ਨਸੀਬੀਂ ਲਿਖ਼ਿਆ ਜੇ, ਹੱਸ ਹੱਸ ਕੇ ਜਰਿਆ ਕਰੇ।

ਰੰਜਿਸ਼ ਤਾਂ ਸੋਹਣੇ ਚੇਹਰਿਆਂ ਤੇ, ਜ਼ਰਾ ਵੀ ਫ਼ੱਬਦੀ ਨਹੀਂ,
ਮੁਸਕਰਾਉਂਦਾ ਰਿਹਾ ਕਰੇ, ਨਾ ਖ਼ੁਦ ਨਾ ਲੜਿਆ ਕਰੇ।

ਬਹੁਤ ਕੁਝ ਡੁਬੋਇਆ ਹੈ ਏਹਨਾ, ਬੇਮੁਰੱਵਤ ਪਾਣੀਆਂ,
ਪਹਿਲਾਂ ਪਰਖ਼ ਲਿਆ ਕਰੇ, ਕੱਚੇ ਤੇ ਨਾ ਤਰਿਆ ਕਰੇ।

‘‘ਦਿਲਾਂ ਦੀ ਭਟਕਣ ਸੰਭਲੀ, ਤਾਂ ਓਹ ਘਰਾਂ ਨੂੰ ਪਰਤੇ
ਸ਼ਹਿਰ ਨੇ ਮੂੰਹ ਨਾ ਲਾਇਆ, ਤਾਂ ਵਾਪਸ ਗਰਾਂ ਪਰਤੇ’’

ਸੁੱਤਾ ਨਹੀਂ, ਉਨੀਂਦਾ ਹਾਂ

ਸੁੱਤਾ ਨਹੀਂ, ਉਨੀਂਦਾ ਹੈ, ਫ਼ਿਰ ਵੀ ਨ ਜਗਾਵੇ ਕੋਈ,
ਚੁੱਪ ਹਾਂ, ਮਗਰ ਖ਼ਾਮੋਸ਼ ਨਹੀਂ ਹਾਂ, ਨ ਬੁਲਾਵੇ ਕੋਈ।

ਰਿਸ਼ਤੇ ਦਾ ਨਾਮਕਰਣ ਕਰਾਂ ਕਾਂਬਾ ਜਿਹਾ ਲਗਦਾ ਹੈ,
ਛੱਡ ਦੇਵੇ, ਕਿਸੇ ਵੀ ਨਾਂ ਨਾਲ ਮੈਨੂੰ ਨ ਬੁਲਾਵੇ ਕੋਈ।

ਹਸਰਤਾਂ ਮਰਨ ਲਈ ਬਣੀਆਂ ਨੇ, ਦਸਤੂਰ ਹੈ ਇਹ,
ਸੁੱਕ ਜੜ੍ਹਾਂ ਤੋਂ ਗਿਆ ਹੈ, ਹੁਣ ਪਾਣੀ ਨ ਪਾਵੇ ਕੋਈ।

ਮਰਨ ਜੀਵਾਣ ਦਾ ਹੁਨਰ, ਜਾਣਦਾ ਹੈ ਓਹ, ਲੇਕਿਨ,
ਨਹੀਂ ਸਿੱਖਿਆ ਅਸਾਂ,ਮਿਹਰ ਕਰੇ ਨ ਸਿਖਾਵੇ ਕੋਈ।

‘ਆਸ ਮਰੇ ਤਾਂ ਕੁੱਛ ਨਹੀਂ ਮਰਦਾ’ ਸੋਚ ਉਸਦੀ ਹੈ,
ਏਹ ਜੀਣ ਦਾ ਨਵਾਂ ਢੰਗ ਅਸਾਨੂੰ ਨ ਬਤਲਾਵੇ ਕੋਈ।

ਮਜ਼ਬੂਰ ਹੈ, ਮਗਰੂਰ ਨਹੀਂ, ਏਨਾ ਤਾਂ ਪਤਾ ਹੈ ਮੈਨੂੰ,
ਉਲਫ਼ਤ ਕੀ ਹੈ ਦਾ ਮਤਲਬ, ਉਸਨੂੰ ਸਮਝਾਵੇ ਕੋਈ।

ਜਿਸਮ ਪੜਾਅ ਹੈ ਮੰਜ਼ਿਲ ਨਹੀਂ, ਮੰਨਿਆਂ ਹੈ ਅਸਾਂ,
ਜੋ ਰਾਹ ਭੁੱਲ ਬੈਠ ਗਿਆ, ਉਸਨੂੰ ਰਾਹੇ ਪਾਵੇ ਕੋਈ।

ਬਹੁਤ ਅਜ਼ੀਜ਼ ਨੇ, ਉਦਾਸੀਆਂ ਖਾਮੋਸ਼ੀਆਂ ਆਪਣੀ,
ਮਜਾਲ ਕਿਸਦੀ ਹੈ ਜੋ ਸਾਥੋਂ, ਖੋਹ ਲੈ ਜਾਵੇ ਕੋਈ।

ਰਾਹਾਂ ‘ਚ ਚੱਲਦਾ

ਰਾਹਾਂ ‘ਚ ਚੱਲਦਾ ਖ਼ੁਦ, ਰਾਹ ਹੋ ਗਿਆ ਹਾਂ।
ਮੰਜ਼ਿਲ ਨ ਮਿਲੀ, ਬਸ ਪੜਾਅ ਹੋ ਗਿਆ ਹਾਂ।

ਤੂੰ ਹੀ ਸੀ ਮੇਰਾ ਮੁੱਦਾ, ਤੇ ਮੇਰੀ ਇਬਤਦਾ ਸੀ,
ਫ਼ਿਰ ਕਿਉਂ ਮੈਂ ਤੈਥੋਂ, ਜੁਦਾ ਹੋ ਗਿਆ ਹਾਂ?

ਬੁਦਬੁਦੇ ਦੀ ਉਮਰ, ਹੋਰ ਹੁੰਦੀ ਹੀ ਹੈ ਕਿੰਨੀ,
ਫ਼ਰਜ਼ ਸਾਂ, ਜੋ ਕਦ ਦਾ, ਅਦਾ ਹੋ ਗਿਆ ਹਾਂ।

ਮੀਂਹ ਹਨੇਰੀ ਤਾਂ ਸਿਰ ਤੇ, ਝੱਲਦਾ ਰਿਹਾ ਹਾਂ,
ਸੁਨਾਮੀ ਕੀ ਆਈ ਕਿ ਤਬਾਹ ਹੋ ਗਿਆ ਹਾਂ।

ਉਮਰ ਸਾਰੀ ਲੜਦਾਂ ਰਿਹਾਂ, ਜਿਨ੍ਹਾਂ ਖਾਤਿਰ,
ਅੱਜ ਉਹਨਾ ਦੇ ਹੱਥੋਂ, ਜ਼ਿਬਾਹ ਹੋ ਗਿਆ ਹਾਂ।

ਤੂੰਹੀਂ ਕੋਈ ਰਸਤਾ ਚੱਲ ਬਤਾ ਖਾਂ ਮੇਰੇ ਮੌਲਾ,
ਚੌਰਾਹੇ ਚ ਆ ਮੈਂ ਫ਼ਿਰ ਖੜਾ ਹੋ ਗਿਆ ਹਾਂ।

‘‘ਸ਼ਾਇਰੀ ਕਰਣੀ ਸੌਖੀ ਨਹੀਂ ਬੀਬਾ! ਖ਼ੂਨ ਜਿਗਰ ਦਾ ਪੀਣਾ ਪੈਂਦਾ,
ਨਹੁੰ ਨਾਂ ਜ਼ਖ਼ਮ ਨੂੰ ਛਿੱਲਣਾ ਪੈਂਦਾ, ਹੱਥਾਂ ਨਾਲ ਉਸਨੂੰ ਸੀਣਾ ਪੈਂਦਾ’’

ਏਹ ਕੈਸਾ ਅਜਬ ਜਿਹਾ ਵਕਤ

ਏਹ ਕੈਸਾ ਅਜਬ ਜਿਹਾ ਵਕਤ ਆ ਗਿਆ ਹੈ।
ਕਿ ਮੈਂ ਹਾਂ ਕੌਣ, ਮੈਨੂੰ ਭੁੱਲਦਾ ਜਾ ਰਿਹਾ ਹੈ।

ਪੈਰਾਂ ਨੂੰ ਗਰਦਿਸ਼ ਦੀ ਆਦਤ ਜੋ ਹੋ ਗਈ ਹੈ,
ਸਹਿਰਾ ਨੂੰ ਦਿਲ, ਪਾਣੀ ਕਹੀ ਜਾ ਰਿਹਾ ਹੈ।

ਸ਼ੀਸ਼ਾ ਖੁਦ ਧੁੰਦਲਾ ਹੈ ਪਰ ਹੱਸਦਾ ਮੇਰੇ ਤੇ ਹੈ,
ਧੁੰਦਲੇ ਚ ਚੇਹਰਾ ਧੁੰਦਲਾ ਨਜ਼ਰ ਆ ਰਿਹਾ ਹੈ।

ਅੱਜਕਲ ਤਾਂ ਕਾਂ ਵੀ ਬਸ ਰੌਲਾ ਈ ਲਗਦੇ ਨੇ
ਪ੍ਰਾਹੁਣਾ ਆ ਬੂਹੇ ਕਿਉਂ ਮੁੜਦਾ ਜਾ ਰਿਹਾ ਹੈ?

ਦੇਖੀਂ ਮੇਰੇ ਮੌਲਾ ਕਿਤੇ ਏਹ ਲੋਹੜਾ ਨਾ ਮਾਰੀਂ
ਬੇਵਫ਼ਾ ਉਸਦੇ ਨਾਂ ਨਾਲ ਜੁੜਦਾ ਜਾ ਰਿਹਾ ਹੈ।

ਦੁਨੀਆਂ ਤੇ ਏਹ ਕੀ ਕਹਾਰੀ ਆ ਗਈ ਹੈ?
ਕਿ ਬੰਦਾ ਖ਼ੁਦ, ਖ਼ੁਦਾ ਬਣਦਾ ਜਾ ਰਿਹਾ ਹੈ।

ਜ਼ਰਾ ਕੁ ਜਿੰਨਾ ਕਿਸੇ ਨੂੰ ਮਾਣ ਦੇ ਕੇ ਤਾਂ ਦੇਖੋ,
ਫ਼ੇਰ ਦੇਖਣਾ ਕਿਵੇਂ ਸਿਰ ਚੜਦਾ ਜਾ ਰਿਹਾ ਹੈ।

ਜੋ ਬੀਜਿਆ ਸੀ, ਓਹੀਓ ਵੱਡਣਾ ਹੈ ਪਿਆਰੇ,
ਫ਼ਿਰ ਕਿਉਂ ਹੁਣ ਦਿਲ ਮੇਰਾ ਘਬਰਾ ਰਿਹਾ ਹੈ।

ਪਿਆਰ ਮੁਹੱਬਤ ਤਾਂ ਬਸ, ਬਹਾਨਾ ਜੁੱਗਾਂ ਤੋਂ,
ਵਸਲ ਪਿਛੇ ਆਦਮ ਪੁੱਤ, ਲਲਚਾ ਰਿਹਾ ਹੈ।

ਦੁਨੀਆਂ ਕਿਸੇ ਮਤਲਬ ਦੀ ਨਹੀਂ, ਫ਼ਿਰ ਕਿਉਂ
ਪ੍ਰਕਾਸ਼ ਹੈ ਕਿ ਗਾਰੇ 'ਚ ਫਸਦਾ ਜਾ ਰਿਹਾ ਹੈ।

ਬਨਾਮ ਖੁਦ...

ਨ ਮੈਂ ਆਸਤਕ ਨ ਮੈਂ ਨਾਸਤਕ, ਨਾ ਮੇਰਾ ਤਰਕਸ਼ੀਲਾਂ ਸੰਗ ਵਾਸਤਾ,
ਬਾਬੇ ਨਾਨਕ ਦੀ ਗੱਲ ਮੰਨ ਲਈ, ਰਖੀ ਇਕ ਅਕਾਲ ਵਿਚ ਆਸਥਾ।

ਅਕਾਲ ਹੈ ਤਾਂ ਸਮਿਆਂ ਤੋਂ ਬਾਹਰ ਹੈ, ਜੇ ਸਤੁ ਹੈ ਤਾਂ ਅਸਿਥਰ ਨਹੀਂ
ਜੋ ਮਰ ਜੰਮੇ, ਸੋ ਹੈ ਕਚੁ ਨਿਕਚੁ, ਭਾਂਡਾ ਟੁੱਟਿਆ ਤਾਂ ਕੇਹੀ ਨਿਰਾਸਤਾ?

ਗੁਰਦਵਾਰੇ, ਮੰਦਿਰ ਤੇ ਏਹ ਮਸਜਿਦਾਂ, ਪੂਜਣਯੋਗ ਨੇ ਸਭ, ਪਰ ਮੇਰਾ
ਮੱਥਾ ਝੁੱਕਿਆ ਤਾਂ ਸਿਧਾਂਤ ਨੂੰ, ਨਾ ਦਿਸੀ ਪੱਥਰਾਂ 'ਚ ਕੋਈ ਮਹਾਨਤਾ।

ਮੈਂ ਖ਼ੁਸ਼ ਹਾਂ, ਆਪਣੀ ਚੁੱਪ ਵਿਚ, ਤੇ ਮੈਂ ਲੀਨ ਆਪਣੇ ਈ ਸ਼ੋਰ ਵਿਚ,
ਨ ਬੁਰਾ ਕੋਈ ਹੈਨ ਸਭ ਹੀ ਭਲੇ, ਨਾ ਮੇਰਾ ਕਿਸੇ ਨਾ ਕੋਈ ਮੁਗਾਲਤਾ।

ਮੇਰੀ ਆਪਣੀ ਖ਼ਾਸ ਟੋਰ ਹੈ, ਆਉਂਦੀ ਉਸ ਵਿਚ ਹੀ ਮੈਨੂੰ ਲੋਰ ਹੈ,
ਮੇਰਾ ਨਸ਼ਾ, ਮੇਰੀ ਮਸਤੀ ਹੈ, ਬਨਾਮ ਖੁਦ ਨਾਲ ਸਭ ਤੋਂ ਵੱਧ ਵਾਸਤਾ।

ਰਹਾਂ ਰਿਸ਼ਤਿਆਂ ਦੀ ਭਾਲ ਵਿਚ, ਪਹਿਲਾਂ ਭਾਲ ਤੇ ਬਾਦੋਂ ਸੰਭਾਲ ਵਿਚ,
ਜੋ ਰਾਹ ਦਿਖਾਏ ਓਹੀ ਰਹਿਨੁਮਾ, ਵੇਸ਼ ਭੂਸ਼ਾ ਨਾਲ ਮੈਨੂੰ ਨਹੀਂ ਵਾਸਤਾ।

ਪਹਿਲੇ ਸਾਹ ਤੋਂ ਹੀ ਸਫ਼ਰ ਤੇ ਹਾਂ, ਪੁੱਗ ਗਿਆ ਤਾਂ ਪੁੱਗ ਜਾਵਾਂਗਾ ਮੈਂ,
ਅੱਗੇ ਹੋ ਟੁਰਨਾ, ਰੱਖ ਟੇਕ ਟੁਰਨਾ, ਏਹੀ ਮੰਜ਼ਿਲ ਮੇਰੀ ਏਹੀ ਰਾਸਤਾ।

ਪੂੰਜੀਪਤੀ ਮੈਂ ਸਭ ਤੋਂ ਅਮੀਰ ਸ਼ਖ਼ਸ, ਖ਼ਜ਼ਾਨੇ ਭਰੇ ਨੇ ਮੇਰੇ ਮੁਹੱਬਤਾਂ ਦੇ,
ਕਦਰ ਰਿਸ਼ਤਿਆਂ ਦੀ ਕਰਨੀ ਜਾਚ ਆਈ,ਰਹੀ ਫ਼ੇਰ ਨਹੀਂ ਨਿਰਾਸਤਾ।

ਖ਼ੁਦ ਉਲਝਣਾ

ਖ਼ੁਦ ਉਲਝਣਾ ਹੋਰ ਵਧਾਉਣਾ ਕੀ,
ਤੇ ਇਮਤਿਹਾਨਾਂ ਵਿਚ ਪਾਉਣਾ ਕੀ।

ਇਕ ਵਾਰ ਜਾਂ ਆਪਣਾ ਜਾਣ ਲਿਆ,
ਫ਼ਿਰ ਬਾਰ ਬਾਰ ਅਜਮਾਉਣਾ ਕੀ?

ਕਿੰਨਾ ਰੋਂਦੇ ਹੋਈਏ, ਹੱਸ ਪਈਏ,
ਜਦ ਪਾਸ ਹੋਵੇ ਤੇ ਓਹ ਸਾਹਵੇਂ ਹੋਵੇ,

ਫ਼ੁੱਲ ਖਿੜਿਆ ਚੰਗਾ ਲਗਦਾ ਸਦਾ,
ਦੁੱਖ ਦੱਸ ਉਹਨੂੰ, ਮੁਰਝਾਉਣਾ ਕੀ।

ਜੋ ਦੱਸਣਾ ਪਏ ਓਹ ਪਿਆਰ ਨਹੀਂ,
ਓਥੇ ਦੱਸਣਾ ਕੀ, ਦਰਸਾਉਣਾ ਕੀ।

ਜੇ ਇਸ਼ਕ ਹੈ ਤਾਂ ਸਦਾ ਹਕੀਕੀ ਹੈ,
ਐਵੇਂ ਕਹਿ ਮਿਜਾਜ਼ੀ ਭੰਡਣ ਲੋਕ।

ਸੱਚ ਹੈ ਤਾਂ ਬਿਲਕੁਲ ਸੱਚ ਹੀ ਹੈ,
ਐਵੇਂ ਝੂਠ ਮਿਲਾਵਟ ਪਾਉਣਾ ਕੀ।

ਪ੍ਰਕਾਸ਼ ਤੇ ਹਨੇਰੇ ਦਾ ਮੇਲ ਨਹੀਂ,
ਤੂੰ ਪ੍ਰਕਾਸ਼ ਹੈ 'ਨੇਰੇ ਨਾ ਲੜਦਾ ਰਹੁ।

ਜੇ ਸੱਜਣ ਸਮਝ ਲਏ ਗੱਲ ਰਮਜ਼ੀਂ,
ਉਹਨੂੰ ਦੇ ਦਲੀਲਾਂ ਸਮਝਾਉਣਾ ਕੀ।

ਮੀਂਹ ਹਨੇਰੀ ਝੱਖੜਾਂ...

ਮੀਂਹ ਹਨੇਰੀ ਤੇ ਝੱਖੜਾਂ ਨੂੰ ਛਾਣਦਾ ਹੈ।
ਛੱਤ ਦੀ ਅਹਿਮੀਅਤ, ਉਹ ਜਾਣਦਾ ਹੈ।

ਸੀਤ ਧੁਰ ਅੰਦਰ ਤਕ, ਧੱਸ ਗਈ ਜਦ,
ਨਿੱਘੀ ਬੁੱਕਲ ਕੀ ਹੁੰਦੀ ਪਹਿਚਾਣਦਾ ਹੈ।

ਪੀੜ੍ਹ ਨਾਲੋਂ, ਪੀੜ੍ਹ ਦਾ ਅਹਿਸਾਸ ਡਾਢਾ,
ਜਿਸ ਤਨ ਲਗੇ ਚੋਟ ਉਹੀਓ ਜਾਣਦਾ ਹੈ।

ਹੈ ਕੋਈ ਕਿਤੇ ਤਾਂ ਅੱਛੇ ਨਸੀਬ ਵਾਲਾ ਜੋ
ਯਾਰ ਦੇ ਪਿਆਰਾਂ ਦਾ ਨਿੱਘ ਮਾਣਦਾ ਹੈ।

ਸਭ ਕੁਛ ਲੁੱਟ, ਟੁਰ ਗਏ ਨੇ ਊਠਾਂ ਵਾਲੇ,
ਕੋਈ ਥਲਾਂ ‘ਚ ਰੁੱਲਦਾ ਰੇਤ ਛਾਣਦਾ ਹੈ।

ਬੀਤਿਆ ਵਾਪਸ ਕਦੇ ਮੁੜਿਆ ਨਹੀਂ ਹੈ,
ਕਰਮ ਮੇਰਾ, ਦਿਲ ਨੂੰ ਬਹਿਲਾਣ ਦਾ ਹੈ।

ਵਾਅਦਾ ਖ਼ਰੋਸ਼ੀ ਹੁਸਨ ਦਾ ਕਸਬ ਭਾਵੇਂ,
ਜਾਣਦਾ ਹੈ ਦਿਲ, ਪਰ ਨਹੀਂ ਜਾਣਦਾ ਹੈ।

ਜੋ ਝੁੱਕਦਾ ਹੈ ਓਹੀਓ ਰਹੇ ਸਦਾ ਸਲਾਮਤ,
ਪਰ ਮਸਲਾ ਤਾਂ ਦਿਲ ਨੂੰ ਸਮਝਾਣ ਦਾ ਹੈ।


ਮੇਰੇ ਪਾਸ ਤਾਂ

ਮੇਰੇ ਪਾਸ ਤਾਂ ਮੇਰਾ ਸੰਸਾਰ ਦੇਣ ਨੂੰ ਸੀ, ਕਦੇ ਕਹਿ ਦੇਖਿਆ ਹੁੰਦਾ,
ਬਸ ਤੁਰੇ, ਪਹਿਲਾ ਪੱਥਰ, ਨਾਜ਼ੁਕ ਪੈਰੋ, ਜ਼ਰਾ ਸਹਿ ਦੇਖਿਆ ਹੁੰਦਾ।

ਸਾਰੀ ਦੁਨੀਆਂ, ਇਹ ਕਾਇਨਾਤ, ਹਵਾਵਾਂ ਤੇ ਸਭ ਝਰਨੇ ਆਪਣੇ,
ਬਸ ਇਕ ਵਾਰ, ਬਸ ਇਕ ਵਾਰ ਦਿਲ ਵਿਚ ਲਹਿ ਦੇਖਿਆ ਹੁੰਦਾ।

ਸ਼ਹਿਰ ਵਿਚ ਸੀ ਹੀ ਕੀ? ਧੂੜ, ਭੀੜ, ਖਿਚਾਧੂਹੀ ਦੀ ਦੌੜ, ਬਸ,
ਆਪਣੇ ਪਿੰਡ 'ਸੋਹਲ ਜਗੀਰ' ਵਿਚ ਵੀ ਕਦੇ ਰਹਿ ਦੇਖਿਆ ਹੁੰਦਾ।

ਹਰ ਵਕਤ ਦੌੜ 'ਚ ਰਹਿੰਦੇ ਹੋ, ਮੰਜ਼ਿਲ ਦਾ ਪਤੈ? ਜਾਣਾ ਕਿਥੇ?
ਵਕਤ ਜ਼ਰਾ ਕੁ ਠਹਿਰ ਗਿਆ ਹੁੰਦਾ ਜੇ ਪਾਸ ਬਹਿ ਦੇਖਿਆ ਹੁੰਦਾ।



ਹੰਝੂ ਕੀ ਕਿਰਿਆ ਸੀ ਅੱਖ ਚੋਂ

ਹੰਝੂ ਕੀ ਕਿਰਿਆ ਸੀ ਅੱਖ ਚੋਂ, ਸਭ ਬੇਨਕਾਬ ਕਰ ਗਿਆ।
ਧੁੱਖ ਰਿਹਾ ਹੈ ਬਿਨ ਧੂੰਏ ਕੋਈ, ਜਵਾਬ ਹੱਥ ਤੇ ਧਰ ਗਿਆ।

ਲ਼ਫ਼ਜ਼ ਕੁਛ ਐਸੇ ਸਨ ਜੋ, ਬਿਨਾ ਬੋਲੇ ਹਵਾ ਵਿਚ ਗੂੰਜ ਪਏ,
ਉਲਝੱਣਾ ਓਹ ਮੇਰੀਆਂ, ਇਕ ਪਲ ਚ ਈ ਹੱਲ ਕਰ ਗਿਆ।

ਇਕ ਉਸਦੀ ਤੱਕਣੀ, ਤੇ ਜ਼ਰਾ ਪੈਰ ਮੱਲ਼ਣਾ, ਰੁਕ ਚੱਲਣਾ,
ਜਵਾਬ ਓਹ ਆਪਣਾ ਦੇ ਗਿਆ, ਮੈਨੂੰ ਲਾਜਵਾਬ ਕਰ ਗਿਆ।

ਕੱਚੇ ਘੜੇ ਤੇ ਪਾਣੀਆਂ, ਸਾਜਿਸ਼ ਤਾਂ ਕੀਤੀ ਸੀ ਜ਼ਰੂਰ,
ਡੁੱਬਿਆ ਤਾਂ ਸੀ ਜਿਸਮ, ਸੱਚਾ ਇਸ਼ਕ ਸੀ ਪਰ ਤਰ ਗਿਆ।

ਇਸ਼ਕ ਦੀ ਮੰਜ਼ਿਲ ਨਹੀਂ, ਨਾ ਤਾਂ ਕੋਈ ਇਸਦੀ ਕਿਸਮ ਹੈ,
ਨਾਦਾਨ ਹੈ ਜੋ ਨਾਮ ਇਸਦਾ, ਹਕੀਕੀ ਮਿਜਾਜ਼ੀ ਧਰ ਗਿਆ।

ਬੜੀ ਰੀਝ ਨਾਲ

ਬੜੀ ਰੀਝ ਨਾਲ, ਆਟੇ ਦੀਆਂ ਚਿੜੀਆਂ ਬਣਾਂਦਾ ਹੈ।
ਖੇਡਦਾ ਹੈ ਕੁਛ ਵਕਤ, ਤੇ ਫ਼ਿਰ ਦਿਲ ਭਰ ਜਾਂਦਾ ਹੈ।

ਕਮਜ਼ੋਰ ਜਾਬਤਾ ਹੈ, ਭੁੱਖ ਤੇ ਕਾਬੂ ਨਹੀਂ ਕਰ ਸਕਦਾ,
ਹੱਥੀਂ ਜੋ ਬਣਾਂਦਾ ਹੈ, ਮੂੰਹ ਨਾ ਓਹੀ ਨਿਗ਼ਲ ਜਾਂਦਾ ਹੈ।

ਮਿਹਨਤੀ ਜ਼ਮੀਨ ਤਿਆਰ ਕਰਦੈ ਤੇ ਬੀਜ ਉਗਾਂਦਾ ਹੈ,
ਪਾਣੀ ਪਿਆਰ ਦਾ ਦਿੰਦਾ ਤੇ ਸੋਹਣਾ ਬੂਟਾ ਬਣਾਂਦਾ ਹੈ।

ਫ਼ੁੱਲ ਖ਼ਿੜਦਾ ਹੈ ਤਾਂ ਫ਼ਿਕਰਮੰਦ ਨੀਂਦ ਗਵਾ ਬਹਿੰਦਾ ਹੈ,
ਹੱਥੀਂ ਲਾਏ ਤੋੜ, ਬੇਗ਼ਾਨੇ ਦੀ ਟੋਕਰੀ ਜਾ ਟਿਕਾਂਦਾ ਹੈ।

ਅਜਬ ਜ਼ਮਾਨਾ ਭਾਈ ਮੇਰੀ ਤਾਂ ਸਮਝ ਨਹੀਂ ਆਂਦਾ ਹੈ,
ਖ਼ੁਦ ਇਮਾਰਤ ਬਣਾਂਦਾ ਹੈ, ਖ਼ੁਦ ਹੀ ਢਾਹ ਗਿਰਾਂਦਾ ਹੈ।

ਬਰਬਾਦੀਆਂ ਦੇ ਕਿੱਸੇ

ਬਰਬਾਦੀਆਂ ਦੇ ਕਿੱਸੇ, ਅਸਾਂ ਖ਼ੁਦ ਹੀ ਛੇੜ ਦਿੱਤੇ।
ਨੌਹਾਂ ਦਾ ਭੁਸ ਪਾਲਣ ਲਈ,ਭਰੇ ਜ਼ਖ਼ਮ ਉਚੇੜ ਦਿੱਤੇ।

ਤਾਣਾ ਤੇ ਬਾਣਾ ਉਣਦਿਆਂ, ਇਕ ਉਮਰ ਲਗ ਗਈ,
ਉਹਦੇ ਨਾਮ ਦੇ ਕੱਢ ਕਸੀਦੇ, ਖ਼ੁਦ ਹੀ ਉਧੇੜ ਦਿੱਤੇ।

ਨਵਾਂ ਨਕੋਰ ਲੈ ਨਿਕਲੇ ਸਾਂ, ਇੱਤਰਾਂ ਦੇ ਸ਼ਹਿਰ ਵੱਲੇ,
ਰਸਤੇ ਦੀਆਂ ਕਾਲ਼ਖ਼ਾਂ ਨੇ, ਸਾਡੇ ਚਿੱਟੇ ਲਬੇੜ ਦਿੱਤੇ।

ਸੌਂਧੀ ਹਵਾ ਬਣ ਆਈ ਸੀ, ਹਨੇਰੀ ਬਣ ਕੇ ਗੁਜ਼ਰੀ,
ਨੀਝਾਂ ਨਾਲ ਲਾਏ ਬੂਟੇ, ਪਲਾਂ ਵਿਚ ਉਖੇੜ ਦਿੱਤੇ।

ਅਸਾਂ ਉਮਰ ਲਗਾ ਦਿੱਤੀ, ਨਾਤਾ ਨਿਭਾਉਂਦਿਆਂ ਨੇ,
ਉਸ ਪੱਲੇ ਝਾੜ ਦਿੱਤੇ, ਸਭ ਰਿਸ਼ਤੇ ਨਿਬੇੜ ਦਿੱਤੇ।

ਏਹ ਰਿਸ਼ਤਿਆਂ ਦੀ ਕਸ਼ਮਕਸ਼

ਏਹ ਰਿਸ਼ਤਿਆਂ ਦੀ ਕਸ਼ਮਕਸ਼, ਏਹ ਮੁਹੱਬਤਾਂ ਦੇ ਸਿਲਸਿਲੇ।
ਲਗਦੈ ਹੁਣ ਕੁਝ ਇਸਤਰਾਂ, ਕਦੇ ਮਿਲੇ ਵੀ ਸੀ ਜਾਂ ਨਹੀਂ ਮਿਲੇ।

ਕੋਈ ਰਾਹ ਚਲਦੇ ਮਿਲ ਜਵੇ, ਰਿਸ਼ਤਾ ਜਿਹਾ ਬਣ ਜਾਂਦਾ ਤਾਂ ਹੈ,
ਇਕ ਵਾਰ ਮੁੜ ਕੇ ਦੇਖਦੋਂ, ਮਿਟ ਜਾਣੇ ਸਨ ਸਭ ਸ਼ਿਕਵੇ ਗਿਲੇ।

ਓਹ ਕਦੇ ਸੀ ਸਾਡਾ ਆਲਣਾ, ਹੈ ਹੁਣ ਤੀਲਿਆਂ ਦਾ ਢੇਰ ਬਸ,
ਜਾਉ! ਹਵਾ ਨੂੰ ਜਾ ਕਹੋ, ਚਲੇ, ਚਲੇ, ਨਾ ਚਲੇ, ਚਲੇ।

ਡਾਲ਼ੀ ਦੇ ਨਾਲ ਜੁੜਿਆ ਸੀ ਫੁੱਲ, ਤਾਂ ਮਹਿਕ ਵੰਡਦਾ ਸੀ ਓਹ,
ਟੁੱਟਾ ਤਾਂ ਆਖਿਰ ਸੁੱਕ ਗਿਆ, ਆ ਪਹੁੰਚਿਆ ਪੈਰਾਂ ਤਲੇ।

ਇਹ ਦੁਨੀਆਂ ਵੀ ਬੜੀ ਅਜੀਬ ਹੈ, ਪਹਿਨੇ ਫ਼ਿਰੇ ਨਕਾਬ ਏਹ,
ਖ਼ੁਦ ਖੇਤੀਆਂ ਉਜਾੜ ਕੇ, ਪੁੱਛਦੀ ਹੈ; ਕਿਉਂ ਜੀ! ਫ਼ੁੱਲ ਖਿਲੇ?



ਉਮਰਾ ਦੀ ਬੋਡੀ ਚਾਦਰ ਨੂੰ

ਉਮਰਾ ਦੀ ਬੋਡੀ ਚਾਦਰ ਨੂੰ, ਹੁਣ ਸਾਂਭ ਕੇ ਰਖਣਾ ਪੈਣਾ ਹੈ।
ਪੈਰਾਂ ਨੂੰ ਸਮਝਾ ਰਖਣਾ ਹੈ, ਉਨ੍ਹਾਂ ਗਰਦਿਸ਼ ਵਿਚ ਨਹੀਂ ਰਹਿਣਾ ਹੈ।

ਕੁਛ ਤਮ੍ਹਾਂ ਨੂੰ ਛਾਂਗ ਕੇ ਰਖਣਾ ਹੈ, ਲੋੜਾਂ ਨੂੰ ਸੀਮਤ ਕਰਨਾ ਹੈ,
ਦਿਲ ਨਵੇਂ ਖਿਲੋਣੇ ਜੇ ਮੰਗੇ, ਕਹਿਣਾ ਵਰਜਿਤ ਏਹ ਨਹੀਂ ਲੈਣਾ ਹੈ।

ਸਭੋ ਜਾਨ ਜਹਾਨ ਜਦ ਉਸਦਾ ਹੈ ਤੇ ‘ਮੇਰਾ ਮੁਝ ਮੇਂ ਕੁਛ ਨਹੀਂ’
ਜਿਸ ਦਿਤਾ ਹੈ ਓਹ ਸਾਂਭ ਲਏ ਤਾਂ ਭਾਈ ਮੇਰਾ ਕੀ ਦੇਣਾ ਲੈਣਾ ਹੈ।

ਏ੍ ਇਸ਼ਕ ਮੁਹੱਬਤ ਦੇ ਕਿੱਸੇ, ਸ਼ਹਿਜ਼ਾਦੇ ਅੱਟੀ ਦੇ ਮੁੱਲ ਵਿਕ ਜਾਂਦੇ
ਸਿਰ ਦਿਤਿਆਂ ਜੇ ਕਰ ਯਾਰ ਮਿਲੇ ਤਾਂ ਹੋਰ ਕੀ ਰੱਬ ਤੋਂ ਲੈਣਾ ਹੈ।

ਪ੍ਰਕਾਸ਼ ਸਿਆਂ ਲਿਖ਼ਣਾ ਸੌਖਾ,ਜਿਉਂ ਉਮਰ ਘਟੀ ਤਿਉਂ ਤਮਾਂ ਵਧੀ
ਜੇ ਏਹੀ ਤੇਰਾ ਹਾਲ ਰਿਹਾ ਤਾਂ, ਤੈਂ ਮਰਿਆਂ ਵੀ ਉਠ ਬਹਿਣਾ ਹੈ।

ਤੈਂ ਕਿਸੇ ਦਾ ਕੁਛ ਨਹੀਂ ਦੇਣਾ ਹੈ ਤੇ ਕਿਸੇ ਤੋਂ ਕੁਛ ਨਹੀਂ ਲੈਣਾ ਹੈ,
ਖ਼ਾਲੀ ਹੱਥ ਲੈ ਏਥੇ ਆਇਆ ਸੈਂ, ਖ਼ਾਲੀ ਹੱਥ ਈ ਜਾਣਾ ਪੈਣਾ ਹੈ।

ਰਹੇਗਾ ਮੇਰੀਆਂ ਨਜ਼ਰਾਂ ਦੇ ਆਸ ਪਾਸ

ਰਹੇਗਾ ਮੇਰੀਆਂ ਨਜ਼ਰਾਂ ਦੇ ਆਸ ਪਾਸ, ਦੂਰ ਜਾਏਗਾ ਨਹੀਂ।
ਓਹ ਗੱਲ ਤਾਂ ਕਰੇਗਾ ਮੇਰੇ ਨਾਲ, ਪਰ ਮੈਨੂੰ ਬੁਲਾਏਗਾ ਨਹੀਂ।

ਰੁੱਸ ਜਾਵਾਂ, ਉਸਨੂੰ ਫ਼ਰਕ ਪਈਂਦੈ ਪਰ ਓਹ ਮਨਾਏਗਾ ਨਹੀਂ,
ਵੱਸਦਾ ਤਾਂ ਦਿਲ ਦੇ ਕਰੀਬ ਹੈ ਬਹੁਤ, ਪਾਸ ਆਏਗਾ ਨਹੀਂ।

ਕਤਲ ਕਰਦੈ ਹਰ ਰੋਜ਼ ਮੇਰੀ ਆਸ ਤੇ ਜਿਵਾਉਂਦਾ ਵੀ ਓਹੀ,
ਕਾਤਿਲ ਹੈ ਉਹ ਜਾਣਦਾ ਹੈ ਪਰ ਇਲਜ਼ਾਮ ਉਠਾਏਗਾ ਨਹੀਂ।

ਸ਼ੇਅਰ ਮੇਰੇ ਭਰੀ ਮਹਿਫ਼ਲ 'ਚ ਸੁਣਾਏਗਾ ਹੁੱਬ ਹੁੱਬ ਲੇਕਿਨ,
ਮੈਂ ਕਹਾਂ ਤਾਂ ਸੁਣੇਗਾ, ਵਾਹ! ਭੁੱਲ ਵੀ ਜ਼ੁਬਾਨ ਲਾਏਗਾ ਨਹੀਂ।

ਮੇਰਾ ਹਰ ਸ਼ੇਅਰ ਹੀ ਬਸ ਉਸ ਲਈ ਹੈ ਤੇ ਓਹ ਜਾਣਦਾ ਹੈ,
ਤਰਸ ਗਿਆ ਹਾਂ ਲੇਕਿਨ ਉਹ ਪੱਥਰ ਪਿਘਲ ਪਾਏਗਾ ਨਹੀਂ।

ਨਾਹਰੇਬਾਜ਼ੀ ਹੀ ਧਰਮ ਦੀ

ਨਾਹਰੇਬਾਜ਼ੀ ਹੀ ਧਰਮ ਦੀ, ਪਹਿਚਾਣ ਬਣ ਕੇ ਰਹਿ ਗਈ।
ਗੁੱਥੀ ਪਹਿਲਾਂ ਹੀ ਉਲਝੀ ਸੀ, ਹੋਰ ਉਲਝ ਕੇ ਰਹਿ ਗਈ।

ਸਿਰਫ਼ ਡਰ ਦੇ ਮਾਰੇ ਬੰਦਾ, ਅਜ ਕੱਲ ਮੰਨਦਾ ਹੈ ਰੱਬ ਨੂੰ,
ਅਸਲ ਕੀ ਹੈ ਓਹ ਗੱਲ ਤਾਂ, ਠਰ ਸੁੰਗੜ ਕੇ ਰਹਿ ਗਈ।

ਰੱਬ ਤਾਂ ਹਰ ਰੋਜ਼ ਨਵੇਂ, ਖ਼ਿੱਤਿਆਂ ‘ਚ ਵੰਡਦਾ ਜਾ ਰਿਹੈ,
ਕੁੱਟਦਿਆਂ ਹੁਣ ਢੋਲ ਦੀ ਵੀ, ਖ਼ੱਲ ਉੱਧੜ ਕੇ ਰਹਿ ਗਈ।

ਕਟੜ੍ਹਤਾ ਦਾ ਬੋਲਬਾਲਾ, ਹਰ ਧਰਮ ‘ਚ ਨਿੱਤ ਵੱਧ ਰਿਹੈ,
ਸੋਚ ਮੱਥੇ ਨਾਸਤਿਸਕਤਾ ਦੀ ਪੱਟੀ ਚਿਪਕ ਕੇ ਰਹਿ ਗਈ।

ਛੱਤ ਸੀ ਤਾਂ ਘਰ ਸੀ, ਗਿਆਨ ਸੀ ਤਾਂ ਗੁਰੂਘਰ ਸੀ ਓਹ
ਧਰਮ ਦੀ ਕਾਰੋਬਾਰੀ, ਮਹਿਜ਼ ਦੁਕਾਨ ਬਣ ਕੇ ਰਹਿ ਗਈ।

ਏਹ ਕਿਹੜਾ ਰੱਬ ਖ਼ੁਸ਼ ਕੀਤਾ ਈ


ਏਹ ਕਿਹੜਾ ਰੱਬ ਖ਼ੁਸ਼ ਕੀਤਾ ਈ, ਬੱਚੇ ਦਾ ਦੁੱਧ ਚੁਰਾ ਕੇ ਤੂੰ।
ਪੱਥਰ ਦੀਆਂ ਮੂਰਤੀਆਂ ਨੂੰ, ਤਾਜ਼ਾ ਦੁੱਧ ਦੇ ਨਾਲ ਨੁਹਾ ਕੇ ਤੂੰ।

ਜੀਂਦੇ ਜੀਅ ਤੈਂ ਬਾਤ ਪੁੱਛੀ ਨਾ, ਬਾਪੂ ਪਾਣੀ ਮੰਗਦਾ ਮਰਿਆ,
ਪਿਛੋਂ ਲੋਕਾਚਾਰੀ ਦੇ ਮੂੰਹ ਨੂੰ, ਫ਼ਿਰੇਂ ਬੈਠਾ ਸਰਾਦ ਰਚਾ ਕੇ ਤੂੰ।

ਸਾਰਾ ਦਿਨ ਜੇਬਾਂ ਕੱਟਦਾਂ ਤੇ ਨਾਲ ਵਾਗਰੂ ਵਾਗਰੂ ਜਪਦਾ ਏਂ,
ਨਾਹੀਂ ਮੰਨਦੈਂ ਬਾਤ ਗੁਰੂ ਦੀ, ਆਕੜਦੈਂ ਗੁਰਦਵਾਰੇ ਜਾ ਕੇ ਤੂੰ।

ਪਾਵੇਂ ਭਾਈਆਂ ਵਿਚ ਵੰਡਾਂ, ਪਤਿਤ ਕਦੇ ਸਹਿਜਧਾਰੀ ਕਹੇਂ,
ਮਾਨਸ ਕੀ ਸਭੁ ਏਕ ਜਾਤ ਕਹੇਂ, ਉੱਚੀਆਂ ਹੇਕਾਂ ਲਾ ਕੇ ਤੂੰ।

ਦੋ ਟਕੇ ਤੇ ਦੋ ਹਾੜੇ, ਕੀ ਏਹੀਓ ਤੇਰੀ ਵੋਟ ਦੀ ਕੀਮਤ ਆ?
ਬੜਾ ਖ਼ੁਸ਼ ਹੁੰਦਾ ਏਂ ਪ੍ਰਕਾਸ਼ ਇਨਕਲਾਬ ਦਾ ਨ੍ਹਾਰਾ ਲਾ ਕੇ ਤੂੰ।



ਨਾ ਉਸਨੇ ਜਾਣਿਆਂ ਸੀ

ਨਾ ਉਸਨੇ ਜਾਣਿਆਂ ਸੀ, ਨਾ ਮੈਨੂੰ ਕੋਈ ਪਤਾ ਸੀ।
ਪਿਆਰ ਦਾ ਅਸਲ ਕੀ ਸੀ, ਸਾਨੂੰ ਨਹੀਂ ਪਤਾ ਸੀ।

ਮਗ਼ਦੇ ਕੋਲ਼ਿਆਂ ਦੇ ਉਤੇ, ਪਾਣੀ ਵੀ ਡੋਲਿਆ ਸੀ,
ਹੁਣ ਗਲਤ ਜੋ ਲਗਦੈ, ਓਦੋਂ ਨਹੀਂ ਓਹ ਖ਼ਤਾ ਸੀ।

ਦੋ ਨਵ ਜਵਾਨ ਦਿਲ, ਕਿਸ ਰਾਹ ਚੱਲ ਪਏ ਸਨ,
ਬਸ ਪੜਾਅ ਹੀ ਪੜਾਅ ਸਨ, ਮੰਜ਼ਿਲ ਲਾਪਤਾ ਸੀ।

ਐਵੇਂ ਪੱਗਡੰਡੀਆਂ ਵਿਚ, ਗੁਆਚੇ ਅਸੀਂ ਰਹੇ ਸਾਂ,
ਓਦਾਂ ਸ਼ਹਿਰ ਨੂੰ, ਸਾਡੇ ਪਿੰਡ ਤੋਂ ਸਿੱਧਾ ਰਾਸਤਾ ਸੀ।

ਐਵੇਂ ਅਨਜਾਣੇਪਨ ਦਾ ਮਖੌਟਾ ਪਹਿਨ ਰਖਿਆ ਸੀ,
ਏਸ ਇਸ਼ਕ ਦੇ ਹਸ਼ਰ ਤੋਂ,ਓਦਾਂ ਓਹ ਵਾਬਸਤਾ ਸੀ।

ਦੋਹੇ

ਸਭ ਕੁਝ ਸਾਡੇ ਪਾਸ ਸੀ, ਚਰਖਾ-ਪੂਣੀ, ਹੱਥ,
ਡਿੰਗ ਕੀ ਪਈ ਤ੍ਰੱਕਲੇ, ਤੰਦ ਨਾ ਹੋਈ ਕੱਤ।

ਸੱਜਣ ਸ਼ਾਹ ਸਮੁੰਦਰੀ, ਕੀ ਜਾਣਾ ਮੈਂ ਸਾਰ,
ਉਮਰ ਲੰਘ ਗਈ ਖ਼ੋਜਦੇ, ਪਾ ਨਾ ਸੱਕੀ ਵੱਥ।



ਕੋਈ ਓਹ!


ਰਹੇਗਾ ਮੇਰੀਆਂ ਨਜ਼ਰਾਂ ਦੇ ਆਸ ਪਾਸ, ਦੂਰ ਜਾਏਗਾ ਨਹੀਂ।
ਓਹ ਗੱਲ ਤਾਂ ਕਰੇਗਾ ਮੇਰੇ ਨਾਲ, ਪਰ ਮੈਨੂੰ ਬੁਲਾਏਗਾ ਨਹੀਂ।

ਰੁੱਸ ਜਾਵਾਂ, ਉਸਨੂੰ ਫ਼ਰਕ ਪਈਂਦੈ ਪਰ ਓਹ ਮਨਾਏਗਾ ਨਹੀਂ,
ਵੱਸਦਾ ਤਾਂ ਦਿਲ ਦੇ ਕਰੀਬ ਹੈ ਬਹੁਤ, ਪਾਸ ਆਏਗਾ ਨਹੀਂ।

ਕਤਲ ਕਰਦੈ ਹਰ ਰੋਜ਼ ਮੇਰੀ ਆਸ ਤੇ ਜਿਵਾਉਂਦਾ ਵੀ ਓਹੀ,
ਕਾਤਿਲ ਹੈ ਉਹ ਜਾਣਦਾ ਹੈ ਪਰ ਇਲਜ਼ਾਮ ਉਠਾਏਗਾ ਨਹੀਂ।

ਸ਼ੇਅਰ ਮੇਰੇ ਭਰੀ ਮਹਿਫ਼ਲ 'ਚ ਸੁਣਾਏਗਾ ਹੁੱਬ ਹੁੱਬ ਲੇਕਿਨ,
ਮੈਂ ਕਹਾਂ ਤਾਂ ਸੁਣੇਗਾ, ਵਾਹ! ਭੁੱਲ ਵੀ ਜ਼ੁਬਾਨ ਲਾਏਗਾ ਨਹੀਂ।

ਮੇਰਾ ਹਰ ਸ਼ੇਅਰ ਹੀ ਬਸ ਉਸ ਲਈ ਹੈ ਤੇ ਓਹ ਜਾਣਦਾ ਹੈ,
ਤਰਸ ਗਿਆ ਹਾਂ ਲੇਕਿਨ ਉਹ ਪੱਥਰ ਪਿਘਲ ਪਾਏਗਾ ਨਹੀਂ।



‘‘ਪਿਆਰ ਕਰਨਾ ਏਂ? ਤਾਂ ਫ਼ਿਰ ਖ਼ੁੱਲ ਕੇ ਕਰ
ਕੀ ਮਿਲਣਾ, ਕੀ ਦੇਣਾ ਪੈਣਾ? ਭੁੱਲ ਕੇ ਕਰ’’

ਐਹ ਵੀ ਚਲਦਿਆਂ ਚਲਦੇ

ਐਹ ਵੀ ਚਲਦਿਆਂ ਚਲਦੇ, ਆਖ਼ਿਰ ਨੂੰ ਮੁਕਾਮ ਆਇਆ,
ਲੰਘ ਗਿਆ ਕੋਲ ਦੀ ਮੇਰੇ, ਪਰ ਪਹਿਚਾਣ ਨਹੀਂ ਪਾਇਆ।

ਕਦੇ ਜੋ ਚਿਤਵਿਆ ਨਾ ਸੀ, ਕਦੇ ਜੋ ਸੋਚਿਆ ਨਾ ਸੀ,
ਕਿ ਮੈਨੂੰ ਛੱਡ ਜਾਵੇਗਾ, ਏਦਾਂ ਆਪਣਾ ਮੇਰਾ ਸਾਇਆ।

ਕਹਾਣੀ, ਸਭ ਸੁਣਾ ਬੈਠਾ ਸਾਂ, ਅੱਖਾਂ 'ਚੋਂ ਖ਼ੂਨ ਰੋ ਰੋ ਕੇ,
ਬੇਧਿਆਨੇ ਜਿਹੇ ਉਸ ਪੁਛਿਆ, ਦੱਸੋ ਜੀ ਕੀ ਫ਼ਰਮਾਇਆ?

ਉਹਦਾ ਕੰਮ ਪਾਣੀ ਦੇਣਾ ਸੀ, ਬਚਾ ਰਖਣਾ ਸੀ ਨਜ਼ਰਾਂ ਤੋਂ,
ਫ਼ਲ, ਕਿਸਮਤ ਨਹੀਂ ਉਸਦੇ, ਓਹ ਸੀ ਹੋਰ ਨੇ ਖਾਇਆ।

ਕੁਛ ਨਹੀਂ ਬਦਲਦਾ ਯਾਰੋ, ਪਿਆਰ, ਪਿਆਰ ਹੀ ਰਹਿੰਦੈ,
ਕਿਸੇ ਜਾਨ ਦੇ ਹੰਢਾਇਆ, ਕਿਸੇ ਨੇ ਜਾਨ ਤੇ ਹੰਢਾਇਆ।

ਜਦ ਕਦੇ ਵੀ ਓਹ ਵਿਚਾਰਾ !..

ਜਦ ਕਦੇ ਵੀ ਓਹ ਵਿਚਾਰਾ! ਭੁੱਲਣ ਦੀ ਕੋਸ਼ਸ਼ ਕਰੇਗਾ।
ਮੇਰੇ ਨਾਮ ਦੇ ਅੱਖਰ ਤੇ ਆ ਕੇ, ਰੁਕੇਗਾ, ਹੌਕਾ ਭਰੇਗਾ।

ਨਕਲੀ ਮੁਸਕਾਨਾਂ ਦੇ ਗੱਫ਼ੇ, ਦੁਨੀਆਂ ਨੂੰ ਵੰਡਦਾ ਫ਼ਿਰੇਗਾ,
ਚੇਹਰਾ ਰਾਜ਼ ਖੋਹਲ ਨ ਦਵੇ,ਸੋਚ, ਅੰਦਰੋਂ ਅੰਦਰੀ ਡਰੇਗਾ।

ਜੋ ਨਿੱਘ ਸੀ ਸਾਂਝੀ ਲੋਈ ਵਿਚ, ਹੋਰ ਮਿਲਣਾ ਨਹੀਂ ਕਿਤੇ,
ਤਰਸ ਆਉਂਦਾ ਹੈ ਬੇ-ਚਾਰਾ, ਉਮਰ ਭਰ ਲਈ ਠਰੇਗਾ।

ਖ਼ੂਬ ਨੇ ਸਿਲਸਿਲੇ ਦਿਲਾਂ ਦੇ, ਜੋ ਹਾਰਦਾ, ਜਿਤਦਾ ਓਹੀ,
ਦਿਲ ਸੀ ਪਹਿਲਾਂ ਹੀ ਗਿਰਵੀ, ਹੁਣ ਹੋਰ ਕੀ ਓਹ ਹਰੇਗਾ।

ਕੱਚੇ ਘੜੇ ਨੂੰ ਦੋਸ਼ ਕੈਸਾ, ਉਹ ਕੱਚਾ ਸੀ, ਖੁਰਨਾ ਹੀ ਸੀ,
ਡੁੱਬ ਹੀ ਜਾਏਗਾ ਉਹ ਆਖਿਰ, ਜੋ ਕੱਚਿਆਂ ਉਤੇ ਤਰੇਗਾ।



ਕੋਲੋਂ ਦੀ ਜੋ ਲੰਘ ਗਈ

ਕੋਲੋਂ ਦੀ ਜੋ ਲੰਘ ਗਈ, ਰਹੀ ਵਰ੍ਹਦੀ ਪਰੇ, ਪਈ ਵਰ੍ਹੇ
ਜਿਸਦਾ ਖੱਤਾ ਸੁੱਕਾ ਰਿਹਾ, ਓਹ ਕਾਲੀ ਘਟਾ ਨੂੰ ਕੀ ਕਰੇ।

ਲਿਖਿਆ ਨਸੀਬਾਂ 'ਚ ਸੜ੍ਹਨਾ ਤਾਂ ਕਾਲੀ ਘਟਾ ਨੂੰ ਦੋਸ਼ ਕੀ,
ਉਹ ਤਾਂ ਬੇ ਚਾਰੀ ਭਾਫ਼ ਹੈ, ਜਿਥੇ ਹਵਾ ਕਹੇ ਬਸ ਓਥੇ ਵਰ੍ਹੇ।

ਨਵਾਂ ਸ਼ਹਿਰ ਹੈ ਨਵੇਂ ਲੋਗ ਨੇ, ਤੇ ਨਵੀਆਂ ਰੰਗ ਰੰਗੀਨੀਆਂ,
ਮਨ, ਯਾਦਾਂ ਕਰੇ ਦਫ਼ਨ ਕਬਰ,ਪਿੱਛੇ ਮੁੜ ਨ ਝੁਰਿਆ ਕਰੇ।

ਲਗੀ ਖੋਹਾ ਖੋਹੀ ਦੀ ਦੌੜ ਹੈ, ਮਤਲਬ ਪ੍ਰਸਤੀ ਦਾ ਸ਼ੋਰ ਖ਼ੂਬ
ਇਸ ਸ਼ਹਿਰ ਕਿਸੇ ਨੂੰ ਗ਼ਰਜ਼ ਨਹੀਂ, ਕੋਈ ਜੀਏ ਚਾਹੇ ਮਰੇ।

ਮੇਰਾ ਮਨਵਾ ਵੀ ਅਜਬ ਹੈ, ਰਿਹਾ ਕਾਗ਼ਜ਼ ਦੀ ਬੇੜੀ ਤਾਰਦਾ,
ਪਾਣੀ-ਕਾਗ਼ਜ਼ ਦਾ ਵੈਰ ਹੈ, ਕੋਈ ਦਸੋ ਤਾਂ ਭਲਾ ਕਿੰਜ ਤਰੇ?

ਨਿਲਾਮੀ ਲਗੀ, ਬੋਲੀ ਪਈ, ਜਿਸਕੋ ਜ਼ਰ ਸੀ ਓਹ ਲੈ ਗਿਆ,
ਈਦ ਲੰਘ ਗਈ ਹੁਣ ਤੰਬਾ ਫ਼ੂਕਣਾ, ਗੱਲ ਨੂੰ ਸਮਝਿਆ ਕਰੇ।

ਮਿੱਠਾ ਫ਼ੱਲ ਪੈਦਾ ਈ ਨਾ ਕਰੇ, ਜ਼ਰਾ ਰੁੱਖ ਵੀ ਸੋਚਿਆ ਕਰੇ,
ਪੱਥਰ ਤਾਂ ਮਾਰਨਗੇ ਈ ਲੋਕ, ਹੱਸ ਹੱਸ ਹੁਣ, ਸਹਿਆ ਕਰੇ।



ਜੇ ਕੁਝ ਵੀ ਨਹੀਂ ਹਾਂ ਮੈਂ

ਜੇ ਕੁਝ ਵੀ ਨਹੀਂ ਹਾਂ ਮੈਂ, ਤਾਂ ਫ਼ਿਰ ਮੈਨੂੰ ਭੁਲਾ ਕਿਉਂ ਨਹੀਂ ਦੇਂਦੇ?
ਗੁਜ਼ਰ ਗਏ ਦੀਆਂ ਯਾਦਾਂ ਨੂੰ, ਗੰਗਾ 'ਚ ਵਹਾ ਕਿਉਂ ਨਹੀਂ ਦੇਂਦੇ?

ਪੁਰਾਣਾ ਕੋਠਾ ਕਿਸੇ ਕੰਮ ਦਾ ਨਹੀਂ ਹੈ, ਤਿੱਪ ਤਿੱਪ ਚੋਂਦੈ, ਦੇਖੋ!
ਏਨੂੰ ਢਾਹ ਢੇਰੀ ਕਰ, ਨਵਾਂ ਬੰਗਲਾ ਉਸਰਵਾ ਕਿਉਂ ਨਹੀਂ ਦੇਂਦੇ?

ਤਸਵੀਰ ਮੇਰੀ ਪੁਰਾਣੀ, ਕਿਤਾਬ ਦੇ ਵਰਕੇ, ਖ਼ਰਾਬ ਨ ਕਰ ਦਵੇ,
ਆਦਰ ਨਾਲ ਉਸਦਾ ਅੰਤਿਮ ਸੰਸਕਾਰ, ਕਰਾ ਕਿਉਂ ਨਹੀਂ ਦੇਂਦੇ?

ਅਸੀਂ ਪਹਿਲੇ ਤਾਂ ਨਹੀਂ, ਇਸ਼ਕ ਪਰਵਾਨ ਚੜਿਆ ਹੀ ਕਦੋਂ ਹੈ,
ਏਹ ਕਹਾਣੀ ਏਥੇ ਹੀ ਛੱਡ, ਇਸਦ ਭੋਗ ਪਾ ਕਿਉਂ ਨਹੀਂ ਦੇਂਦੇ?

ਕੁਛ ਕਿੱਸੇ ਕਾਗ਼ਜ਼ ਤੇ ਨਹੀਂ, ਦਿਲਾਂ ਤੇ ਲਿਖ਼ ਹੋ ਜਾਂਦੇ ਨੇ ਜਾਨਾਂ,
ਚਲੋ ਛੱਡੋ ਜੀ! ਤੁਸੀਂ ਦਿਲ ਨੂੰ ਕਲੀ ਕਰਵਾ ਕਿਉਂ ਨਹੀਂ ਦੇਂਦੇ?

ਵਾਪਸ ਮੁੜ ਕੀ ਦੇਖਦੇ ਹੋ, ਪਿੱਛੇ ਕੁਛ ਜੀਂਦਾ ਬਚਿਆ ਹੀ ਨਹੀਂ,
'ਸੋਹਲ' ਪੈਰਾਂ ਨੂੰ ਨਵੇਂ ਰਾਹਾਂ ਦਾ ਪਤਾ ਬਤਲਾ ਕਿਉਂ ਨਹੀਂ ਦੇਂਦੇ?



ਪੱਥਰਾਂ ਨੂੰ ਰੱਬ ਮੰਨ ਕੇ

ਪੱਥਰਾਂ ਨੂੰ ਰੱਬ ਮੰਨ ਕੇ ਇਸ਼ਨਾਨ ਕਰਾ ਰਿਹਾ ਹੈ ਕੌਣ?
ਔਹ ਵਿਲਕਦੇ ਬੱਚੇ ਦਾ ਦੁੱਧ, ਚੁਰਾ ਲੈ ਗਿਆ ਹੈ ਕੌਣ?

ਮੇਰੇ ਭਾਰਤ ਮਹਾਨ ਵਿਚ, ਪੈਸੇ ਦੀ, ਕੋਈ ਕਮੀ ਨਹੀਂ,
ਵੰਡਕਾਣੀ, ਹਾਜ਼ਮੇ ਤੋਂ ਕਿਤੇ ਵੱਧ ਚਬਾ ਗਿਆ ਹੈ ਕੌਣ?

ਛੱਤੀ ਕਿਸਮ ਦੇ ਭੋਜਨਾਂ ਨਾਲ, ਕੀ ਢਿੱਡ ਬਹੁਤਾ ਭਰੂ?
ਢਿੱਡ ਵੱਡਾ, ਗੜੈਂ ਗੜੈਂ, ਫ਼ਿਰ ਵੀ ਖਾ ਰਿਹਾ ਹੈ ਕੌਣ?

ਆਉਂਦਾ ਹੈ ਭੇਸ ਬਦਲ ਕੇ, ਜਾਦੂ ਛੜੀ ਪਕੜ ਹਾਕਮ,
ਸਾਡੀਆਂ ਜ਼ਰੂਰਤਾਂ ਦੀ ਖਿੱਲੀ, ਉਡਾ ਰਿਹਾ ਹੈ ਕੌਣ?

ਹਵਾ ਪੁੱਛਦੀ ਹੈ ਕਿ 'ਮੈਂ ਤਾਂ ਹੁਣੇ ਬੁਝਾ ਕੇ ਆਈ ਸਾਂ'
ਫ਼ਿਰ ਏਹ ਘਰ ਘਰ ਦੀਵੇ, ਜਗਾ ਰਿਹਾ ਹੈ ਕੌਣ?

ਹਵਾ ਦਾ ਜ਼ੋਰ ਹੈ

ਹਵਾ ਦਾ ਜ਼ੋਰ ਹੈ, ਆਲਣਾ ਸੰਭਾਲ, ਤੀਲਾ ਤੀਲਾ ਹੋ ਬਿਖ਼ਰ ਜਾਏਗਾ।
ਕਦਰ ਕਰ ਉਸਦੀ ਜੋ ਪਾਸ ਹੈ, ਗੁਜ਼ਰ ਗਿਆ, ਲੌਟ ਨਹੀਂ ਆਏਗਾ।

ਗੁਜ਼ਰ ਗਏ ਨੂੰ ਸਦਾ, ਅਦਬ ਤੇ ਅਕੀਦਤ ਨਾਲ ਯਾਦ ਕਰਨਾ ਅੱਛਾ,
ਬੋਲ ਸੋਚਕੇ ਬੋਲ, ਕਮਾਨੋ ਨਿਕਲਿਆ ਤੀਰ ਫ਼ੇਰ ਹੱਥ ਨਹੀਂ ਆਏਗਾ।

ਕਿਸੇ ਨੂੰ ਆਪਣਾ ਕਹਿ ਲਈਏ ਤਾਂ ਬਹੁਤੇ ਸਵਾਲ ਨਹੀ ਕਰੀਦੇ ਹੁੰਦੇ,
ਗਿਲੇ ਨਰਾਜ਼ਗੀ ਵਕਤੀ ਨੇ, ਕੀ ਕਹੇਂਗਾ ਜਦ ਸਾਹਮਣੇ ਆ ਜਾਏਗਾ?

ਪਿਆਰ ਨਿੱਘਾ ਅਹਿਸਾਸ ਹੈ ਦੋ ਦਿਲਾਂ ਦਾ, ਗੁੰਗੀ ਬੋਲੀ ਹੈ ਇਸਦੀ,
ਨਾ ਬੋਲੀਂ, ਕੁਛ ਨਾ ਕਹੀਂ, ਨਜ਼ਰ ਉਠਾਈਂ, ਤੇ ਉਹ ਸਮਝ ਜਾਏਗਾ।

ਤੁਣਕਾ ਬੁਰੀ ਬਲਾ ਹੈ, ਗੁੱਡੀ ਹੋਰ ਤੋਂ ਹੋਰ ਉਪਰ ਵੀ ਜਾ ਸਕਦੀ ਹੈ,
ਪੁੱਠੀ ਹਵਾ ਚਲੀ ਜ਼ਰਾ ਤਾਂ ਸਭ, ਪੱਟਕ ਕੇ ਧਰਤ ਤੇ ਆ ਜਾਏਗਾ।

ਆਲਣਾ ਹੈ ਕੀ, ਤੀਲੇ ਨੇ ਆਸਾਂ ਸੱਧਰਾਂ ਦੇ, ਰੀਝ ਨਾਲ ਗੁੰਦੇ ਹੋਏ,
ਰੁੱਖ਼ ਕਟੇਂਗਾ ਤਾ ਆਲਣਾ ਵੀ ਬਚੇਗਾ ਨਹੀਂ, ਸਭ ਬਿਖ਼ਰ ਜਾਏਗਾ।

‘‘ਆਖ਼ਰੀ ਮੁਲਾਕਾਤ ਦੀ ਕੋਈ, ਮਜ਼ਬੂਰੀ ਤਾਂ ਨਹੀਂ ਸੀ।
ਇੰਝ, ਨਰਾਜ਼ ਹੋ ਵਿਛੜਨਾ ਵੀ, ਜ਼ਰੂਰੀ ਤਾਂ ਨਹੀਂ ਸੀ।

ਝਿਜਕਦੇ ਰਹੇ ਬਹੁਤ ਕੁਝ ਕਹਿਣਾ ਸੀ, ਕਹਿ ਨਾ ਸਕੇ
ਕਹਾਣੀ ਸਿਖ਼ਰ ਤੇ ਪਹੁੰਚੀ, ਮਗਰ ਪੂਰੀ ਤਾਂ ਨਹੀਂ ਸੀ।’’

ਠਰਦਾ ਜਾ ਰਿਹਾਂ ਪਿਆਰਿਆ ਆਜਾ

ਠਰਦਾ ਜਾ ਰਿਹਾਂ ਪਿਆਰਿਆ ਆਜਾ, ਨਿੱਘ ਵੰਡ ਲਈਏ ਭੋਰਾ ਭੋਰਾ।
ਜ਼ਰਾ ਦਿਲਾਂ ਵਿਚ ਤਪਸ਼ ਲਿਆਦੇ, ਜੰਮਿਆਂ ਸਰਦ ਰੁੱਤਾਂ ਦਾ ਕੋਹਰਾ।

ਏਨਾ ਕਿਹਾਂ ਤਾਂ ਰੱਬ ਮੰਨ ਜਾਂਦੈ, ਲੈ ਤੈਨੂੰ ਵੱਡਾ ਮੰਨ ਲਿਆ ਉਸਤੋਂ,
ਸਾਡੀ ਹਸਤੀ ਤਾਂ ਹੈ ਤੇਰੇ ਕਰਕੇ, ਮੰਨ ਲਾ ਸਜਣ ਮਾਰ ਨਾ ਲੋਹੜਾ।

ਬਹੁਤੀ ਉਮਰ ਗੁਜ਼ਰ ਗਈ ਤਾਹਨਿਆਂ, ਤੂੰ ਤਾਂ ਕਦੇ ਗਲਤ ਨਹੀ ਸੀਂ,
ਇਕ ਗਲਤੀ ਬਸ ਸਾਥੋਂ ਕੀ ਹੋਈ, ਉਮਰ ਭਰ ਲਈ ਰਿਹਾ ਨਿਹੋਰਾ।

ਰੋਜ਼ ਅਸੀਂ ਬਾਲਣ ਪਏ ਪਾਈਏ, ਧੁੱਖਦੀ ਰਹੇ ਕਿਤੇ ਬੁਝ ਨਾ ਜਾਵੇ,
ਬਲ ਬਲ਼ ਕੇ ਅਸੀਂ ਰਾਖ ਹੋ ਗਏ, ਤੈਨੂੰ ਸੇਕ ਨਹੀਂ ਆਇਆ ਭੋਰਾ।

ਅਉਧ ਬੀਤਦੀ ਜਾਂਦੀ ਓ ਸੱਜਣਾ! ਫ਼ਿਰ ਏਹ ਵੇਲਾ ਨਹੀਂ ਥਿਆਉਣਾ
ਆ ਪਿਆਰ ਦਾ ਤੁੱਪਕਾ ਬੁਲੀਂ ਲਾਈਏ, ਹਰ ਰੋਜ਼ ਥੋੜਾ ਥੋੜਾ ਥੋੜਾ।

ਮੈਂ ਉਹ ਨਹੀਂ ਰਿਹਾ

ਮੈਂ ਉਹ ਨਹੀਂ ਰਿਹਾ ਹੁਣ, ਜੋ ਓਹ ਭਾਲ਼ਦਾ ਹੈ।
ਫ਼ੂਕਾਂ ਰਾਖ਼ ‘ਚ ਮਾਰਦਾ ਹੈ, ਚਿੰਗਾਰੀ ਭਾਲ਼ਦਾ ਹੈ।

ਰੇਤ ਆਖ਼ਿਰ ਰੇਤ ਹੈ, ਕਿਰ ਜਾਏਗੀ ਦੇਖ਼ ਲੈਣਾ,
ਮੁੱਠੀਆਂ ਕਿਆਸ ਦੀਆਂ ਚ ਸਹਿਰਾ ਸੰਭਾਲ਼ਦਾ ਹੈ।

ਏਹ ਤਾਂ ਮੁਢ ਕਦੀਮ ਤੋਂ ਚਲਦਾ ਹੀ ਆਇਆ ਹੈ,
ਫ਼ਲ ਉਸਦੇ ਨਸੀਬ ਕਿਥੇ ਜੋ ਪਾਣੀ ਦੇ ਪਾਲ਼ਦਾ ਹੈ।

ਲੀਕ ਦੇ ਦੋ ਪਾਸੇ, ਇਕ ਘਰ ਦੂਜਾ ਬਾਜ਼ਾਰ ਦਾ ਹੈ,
ਖ਼ੁਦ ਉਸ ਤੈਅ ਕਰਨੈ, ਕਿਸ ਪਾਸੇ ਦੇ ਨਾਲ ਦਾ ਹੈ।

ਨਿਰਮਲ-ਜਲ ਅਵਸਥਾ, ਗੁਜ਼ਰ ਚੁੱਕੀ ਅਰਸੇ ਦੀ,
ਗੰਧਲੇ ਪਾਣੀਆਂ ਨੂੰ, ਹੁਣ ਹੋਰ ਕੀ ਗੰਧਾਲ਼ਦਾ ਹੈ?

ਹਵਾਵਾਂ

ਹਵਾਵਾਂ ਵਗਦਿਆਂ ਰਹਿਣਾ,
ਕਿ ਦੀਵੇ ਜਗਦਿਆਂ ਰਹਿਣਾ।

ਪੈਰਾਂ ਨੇ ਥੱਕਦਿਆਂ ਰਹਿਣਾ,
ਹਿੰਮਤ ਨੇ ਤੁਰਦਿਆਂ ਰਹਿਣਾ।

ਹੁਸਨ ਨੇ ਰੁੱਸਦਿਆਂ ਰਹਿਣਾ,
ਰੁੱਸ ਕੇ ਮੰਨਦਿਆਂ ਰਹਿਣਾ।

ਪਿਆਰ ਨੇ ਖ਼ੁੱਸਦਿਆਂ ਰਹਿਣਾ,
ਆਸ ਦਾ ਮਰਦਿਆਂ ਰਹਿਣਾ।

ਇਸ਼ਕ ਵਿਲਕਦਿਆਂ ਰਹਿਣਾ,
ਜ਼ੁਬਾਨੋਂ ਕੁਛ ਨਹੀਂ ਕਹਿਣਾ।

ਸੁਨੇਹੇਂ ਲਿਖ਼ਦਿਆਂ ਰਹਿਣਾ,
ਬੂਹੇ ਵੱਲ ਤੱਕਦਿਆਂ ਰਹਿਣਾ।

ਹਵਾ ਦਾ ਵਗਦਿਆਂ ਰਹਿਣਾ,
ਦਸਤੱਕ ਕਰਦਿਆਂ ਰਹਿਣਾ।

ਏਵੇਂ ਈ ਗੁਜ਼ਰ ਜਾਣੀ ਏਂ,
ਸੁਪਨੇ ਉਣਦਿਆਂ ਰਹਿਣਾ।

ਜ਼ਰਾ ਹੱਸਣਾ ਤੇ ਫ਼ਿਰ ਰੋਣਾ।
ਤੇ ਫ਼ਿਰ ਖਾਮੋਸ਼ ਹੋ ਬਹਿਣਾ।

ਸਮਸਤ ਰਦੀਫ਼ ਦੀ ਗ਼ਜ਼ਲ

ਦੱਸ ਰਹਿ ਗਿਆ ਉਨਾਂ ਕੋਲ ਕੀ ਬਾਕੀ

ਦੱਸ ਰਹਿ ਗਿਆ ਉਨਾਂ ਕੋਲ ਕੀ ਬਾਕੀ, ਜਿਹੜੇ ਪਤ ਪ੍ਰਤੀਤ ਗਵਾ ਬੈਠੇ।
ਹਵਸ ਜਾਣ ਮੰਜ਼ਿਲ ਰਾਹ 'ਚ ਰੁੱਕ ਬੈਠੇ, ਭੁੱਲੇ ਦੀਨ ਤੇ ਦੁਨੀ ਲੁਟਾ ਬੈਠੇ।

ਸਾਰੀ ਉਮਰ ਗੁਜ਼ਰੀ ਰਹੇ ਪਾਪ ਢੋਂਦੇ, ਬੁੱਢੀ ਉਮਰ 'ਚ ਗੰਗੀ ਨਹਾ ਬੈਠੇ।
ਕੀਤੀ ਸੇਵਾ ਨ ਜੀਂਦਿਆਂ ਪਿੱਤਰਾਂ ਦੀ, ਮਰਿਆਂ ਬਾਦ ਸਰਾਦ ਰਚਾ ਬੈਠੇ।

ਰੱਬ ਨਹੀਂ ਛਿਪਿਆ ਵਿਚ ਜੰਗਲਾਂ ਦੇ, ਲੱਭਦੇ ਕੰਡਿਆਂ ਪੈਰ ਪੜਵਾ ਬੈਠੇ।
ਕਾਮ, ਕ੍ਰੋਧ ਤੇ ਲੋਭ ਨੂੰ ਤਿਆਗਣਾ ਸੀ, ਸਭ ਤਿਆਗ ਵਿਭੂਤ ਸਜਾ ਬੈਠੇ।

ਪੀ ਕੇ ਭੰਗ ਤੇ ਮਸਤ ਮਲੰਗ ਹੋਏ, ਧੂੰਏਂ ਧੂਣੀਆਂ ਜਾਲ ਜਲਾ ਬੈਠੇ।
ਮਾੜੀ ਮੋਟੀ ਜੋ ਅਕਲ ਸੀ ਬਚੀ ਬਾਕੀ, ਬੂਹਾ ਢੋ ਬੈਠੇ, ਤਾਲਾ ਲਾ ਬੈਠੇ।

ਰੱਜੇ ਹੋਇਆਂ ਦੇ ਨਿਉਤਰੇ ਖੂਬ ਭੇਜਣ, ਤੇ ਗ਼ਰੀਬ ਤੋਂ ਕੰਨੀ ਕਤਰਾ ਬੈਠੇ।
ਕਦੇ ਭੁੱਖੇ ਮੂੰਹ ਬੁਰਕੀ ਨਹੀਂ ਪਾ ਸਕੇ, ਭੋਜਨ ਪੱਥਰਾਂ ਦੇ ਮੂੰਹੀਂ ਲਾ ਬੈਠੇ।

ਇਕ ਮਨ ਵਾਲਾ ਮਣਕਾ ਫੇਰਿਆ ਨਾ, ਮਾਲਾ ਫੇਰਦੇ ਹੱਥ ਘਸਾ ਬੈਠੇ।
ਜੋ ਸੀ ਘਰ ਬੈਠਾ ਲੱਭਣ ਬਾਹਰ ਜਾਵਣ, ਐਵੇਂ ਤੀਰਥਾਂ ਦੇ ਗੇੜੇ ਲਾ ਬੈਠੇ।

ਜਿੰਨ੍ਹਾਂ ਚੂਰੀਆਂ ਖਾਣ ਦਾ ਭੁੱਸ ਪਿਆ ਘਰੜ ਮੁੰਡ ਹੋਏ ਕੰਨ ਪੜਵਾ ਬੈਠੇ।
ਨਫ਼ਾ ਇਸ਼ਕ ਵਿਚੋਂ ਕਿਸੇ ਖੱਟਿਆ ਨਾ,ਜੋ ਸੀ ਪਾਸ ਓਹ ਸਭੋ ਲੁਟਾ ਬੈਠੇ।

ਵਾਸਤਾ ਰਿਹਾ ਨਹੀਂ ਕੋਈ

ਵਾਸਤਾ ਰਿਹਾ ਨਹੀਂ ਕੋਈ ਤਾਂ ਏਸ ਤਰਫ਼ ਆਉਂਦਾ ਕਿਉਂ ਹੈ?
ਪਿੱਛੇ ਮੁੜ ਦੇਖਦਾ, ਪੈਰ ਮਲ਼ਦਾ, ਏਦਾਂ ਸ਼ਰਮਾਉਂਦਾ ਕਿਉਂ ਹੈ?

ਹਰੇਕ ਦਾਣੇ ਦੇ ਕਰਮਾਂ 'ਚ ਬੀਜ ਬਣਨਾ ਲਿਖਿਆ ਨਹੀਂ ਹੁੰਦਾ,
ਭੱਠੀ ਪਾ ਭੁੰਨਦੈ ਤੇ ਫ਼ਿਰ ਉਸਨੂੰ ਉਗਾਉਣਾ ਚਾਹੁੰਦਾ ਕਿਉਂ ਹੈ?

ਗਲਤੀਆਂ ਕਰਦਾ ਹਾਂ, ਬੰਦਾ ਹਾਂ, ਕੋਈ ਖ਼ੁਦਾ ਨਹੀਂ ਹਾਂ ਮੈ,
ਗ਼ਲਤੀ ਉਸਦੀ, ਉਹ ਮੈਨੂੰ ਬਾਰ ਬਾਰ ਅਜ਼ਮਾਉਂਦਾ ਕਿਉਂ ਹੈ?

ਬਹੁਤ ਮਨਮਾਨੀਆਂ ਕਰਦਾ ਆਇਐ ਇਸ ਸ਼ਹਿਰ ਦਾ ਹਾਕਮ,
ਖ਼ਲਕਤ ਜ਼ਰਾ ਕੁ ਜਾਗ ਪਈ, ਤਾਂ ਹੁਣ ਘਬਰਾਉਂਦਾ ਕਿਉਂ ਹੈ?

ਕੰਡੇ,ਪੱਥਰ, ਧੁੱਦਲ, ਹੋਰ ਹੈ ਕੀ ਇਸ਼ਕ ਦੇ ਰਾਹ ਵਿਚ, ਦੱਸ?
ਏਨਾ ਨਾਜ਼ੁਕ ਦਿਲ ਬਿਖ਼ੜੇ ਰਾਹਾਂ ਤੇ ਫ਼ਿਰ ਆਉਂਦਾ ਕਿਉਂ ਹੈ?



ਖ਼ੱਤ ਆਪਣੇ ਲਹੂ ਚ ਲਿਖ਼ਕੇ

ਖ਼ੱਤ, ਆਪਣੇ ਲਹੂ ‘ਚ ਲਿਖ਼ਕੇ, ਆਪੇ ਹੀ ਪਾੜ ਦਿਤੇ।
ਸੱਧਰਾਂ ਦੇ ਵਸਦੇ ਮਹਿਲ, ਖ਼ੁਦ ਹੀ ਉਜਾੜ ਦਿਤੇ।

ਖ਼ੁਸ਼ੀਆਂ ਨੇ ਆ ਕੇ ਦਸਤੱਕ, ਦਿਤੀ ਜ਼ਰੂਰ ਹੋਣੀ,
ਪਰ ਸਾਡੀ ਨਾਸ਼ੁਕਰੀ ਨੇ, ਕਰ ਬੰਦ ਕਿਵਾੜ ਦਿਤੇ।

ਐਸੇ ਕੁਝ ਹਾਦਸੇ ਸਨ, ਜੋ ਰੁਲ਼ਾਇਆ ਕਰਦੇ ਸਨ,
ਅਸਾਂ ਉਨ ਕਹਾਣੀਆਂ ਦੇ, ਵਰਕੇ ਈ ਫ਼ਾੜ ਦਿਤੇ।

ਮਿਹਨਤਕਸ਼ੀ ਇਕ ਪਾਸੇ, ਟੱਬਰਾਂ ਨੂੰ ਪਾਲਦੇ ਕਿੰਝ,
ਲੈ ਦੇ ਕੇ ਕਿਸਮਤਾਂ ਜਿਨ੍ਹਾਂ, ਦੋ ਬੰਜਰ ਸਿਆੜ ਦਿਤੇ।

ਲਸ਼ਕਰ ਬੇਰਹਿਮੀਆਂ ਦਾ, ਸਾਡੇ ਬਾਗ਼ੀਂ ਆਕੇ ਲੱਥਾ,
ਨਿਰਮੋਹੀਆਂ ਪੁੰਗਰਦੇ, ਸਾਡੇ ਫ਼ੁੱਲ ਲਤਾੜ ਦਿਤੇ।

ਬਸ ਇਕ ਅੱਧ ਹਾਸੇ ਪਿਛੇ

ਬਸ ਇਕ ਅੱਧ ਹਾਸੇ ਪਿਛੇ, ਰੋਂਦਿਆਂ ਰੋਂਦਿਆਂ ਉਮਰ ਗੁਜ਼ਾਰੀ।
ਚੇਹਰੇ ਨੂੰ ਰਖ਼ਿਆ ਸਦਾ ਹੱਸਦਾ, ਕਦੇ ਨਾ ਮੂੰਹ ਤੋਂ ਸੀ ਉਚਾਰੀ।

ਏਹ ਕੋਈ ਨਵਾਂ ਕਸਬ ਨਹੀਂ ਹੈ, ਅਜ਼ਲਾਂ ਤੋਂ ਏਦਾਂ ਹੀ ਚਲਿਐ,
ਹਰ ਯੁੱਗ ਸੱਸੀ ਲੁੱਟ ਹੋਈ ਹੈ, ਝੂਠ ਕਮਾ ਗਏ ਹੋਤ ਬਿਉਪਾਰੀ।

ਕਾਲੀ ਬਿੱਲੀ ਰਸਤਾ ਕੱਟ ਜਾਵੇ, ਖ਼ਾਲੀ ਦੇਖ਼ ਮੱਥੇ ਨਹੀਂ ਲਗਦਾ,
ਲੋਕਾਂ ਕਰਾਂ ਮੈਂ ਲੱਖ ਨਸੀਅਤਾਂ, ਭਰਮਭਰੀ ਮੇਰੀ ਕਾਰਗ਼ੁਜ਼ਾਰੀ।

ਔਹ ਵੀ ਮਿਲਜੇ, ਆਹ ਚਾਹੀਦਾ,ਜ਼ਰ ਦੇ ਢੇਰ ਲਗਾਈ ਫ਼ਿਰਦੈ,
ਜਿੰਨੀ ਵਿੱਤ ਸੀ ਓਨੀ ਲੈ ਤੁਰਦਾ,ਹੁਣ ਕਹੇਂ ਪੰਡ ਲਗਦੀ ਭਾਰੀ।

ਘਰ ਵਿਚ ਬੀਵੀ ਬੱਚੇ ਪਾਲ਼ੇ, ਗ਼ਜ਼ਲ ਕਹੇਂ ਕਿਸੇ ਹੋਰ ਹੁਸਨ ਨੂੰ,
ਵਾਹ ਕਹਿਣ, ਮੁਕੱਰਰ ਕਹਿੰਦੇ, ਸ਼ਾਇਰਾਂ ਵਿਚ ਕਰੇਂ ਸਰਦਾਰੀ।

ਪਾਪ ਕਰੇਂ ਤੇ ਫ਼ਿਰ ਗੰਗਾ ਨਾਵੇਂ, ਰਹਿੰਦ ਖੂੰਦ ਦਾ ਦਾਨ ਕਰਾਵੇਂ,
ਪੈਸੇ ਨਾਂ ਰੱਬ ਖਰੀਦਣ ਜਾਵੇਂ,ਵਾਹ ਦੇਖ਼ ਲਈ ਤੇਰੀ ਹੋਸ਼ਿਆਰੀ।



ਨਜ਼ਮਾਂ, ਕਵਿਤਾਵਾਂ ਤੇ ਮੁਖ਼ਤਲਿਫ਼ ਅਸ਼ਆਰ

ਸਵਰਗ ਦਾ ਸਫ਼ਰ...

ਚੱਲ ਆ! ਭੋਲੇ ਪੰਛੀਆ ਉਡ ਸਵਰਗ ਪੁਚਾ ਦਿਆਂ,
ਕੀ ਹੁੰਦਾ ਹੈ ਓਥੇ, ਚੱਲ ਤੈਨੂੰ ਅੱਖੀਂ ਦਿਖਾ ਦਿਆਂ।

ਹਰ ਪਾਸੇ ਸੁੱਕੇ ਦੁੱਧ ਦੀਆਂ ਨਦੀਆਂ ਨੇ ਵਗ ਰਹੀਆਂ,
ਤੇ ਅੱਧ ਨੰਗੀਆਂ ਅਪਸਰਾਂ, ਰਕਸ ਨੇ ਕਰ ਰਹੀਆਂ।

ਰਾਜਾ ਹੈ ਦੇਖ ਖੁਸ਼ ਕਿੰਨਾ, ਭਾਵੇਂ ਜਨਤਾ ਬੇਜ਼ਾਰ ਹੈ,
ਆਮ ਆਦਮੀ ਲੁਟਿਆ ਜਾ ਰਿਹੈ ਬਸ ਮਾਰੋ ਮਾਰ ਹੈ।

ਰਾਜਾ ਹੁਣ ਬੁੱਢਾ ਹੋ ਗਿਐ, ਪਰ ਵਜ਼ੀਰ ਬਲਵਾਨ ਹੈ,
ਰਾਜੇ ਪਾ ਖੂੰਡੀ ਸੋਨੇ ਦੀ ਵਜ਼ੀਰ ਕੋਲ ਤੀਰ ਕਮਾਨ ਹੈ।

ਔਹ ਨੀਲੀ ਪੋਚਵੀਂ ਵਾਲਾ ਵੀ, ਰਾਜੇ ਦਾ ਹੀ ਬੰਦਾ ਹੈ,
ਧਰਮ ਦੇ ਨਾਂ ਨੂੰ ਵੇਚਣਾ ਖਾਣਾ ਬਸ ਇਸਦਾ ਧੰਦਾ ਹੈ।

ਕਿਸਾਨਾਂ ਨੂੰ ਬਿਜਲੀ ਫ਼ਰੀ ਕਾਗਜ਼ਾਂ 'ਚ ਤਾਂ ਦਰਜ਼ ਹੈ,
ਫ਼ਿਰ ਉਹਨਾ ਦਾ ਹਰ ਸਾਲ, ਵੱਧਦਾ ਕਿਉਂ ਕਰਜ਼ ਹੈ?

ਕਿਸਾਨ, ਸੋਕਾ ਹੋਵੇ ਮਰੇ, ਮੀਂਹ ਪੈਂਦੈ ਤਾਂ ਮਰਦਾ ਹੈ,
ਰਾਜੇ ਦਾ ਕੀ ਕਸੂਰ,ਭਾਈ ਜੋ ਕਰਦਾ ਰੱਬ ਕਰਦਾ ਹੈ।

ਕਹਿੰਦੇ; ਰਾਜਾ ਚਤੁਰ ਤੇ ਸਿਆਸਤਦਾਨ ਵੀ ਬੜਾ ਹੈ,
ਵੋਟਾਂ ਲਈ ਜ਼ਮੀਨ 'ਚ ਦੱਬਿਆ ਸ਼ਰਾਬ ਦਾ ਘੜਾ ਹੈ।

ਆਹ ਕਿਹੜੀਆਂ ਗੱਲਾਂ 'ਚ ਪੰਛੀਆ ਆਪਾਂ ਪੈ ਗਏ,
ਜੋ ਨਜ਼ਾਰੇ ਲੈਣ ਆਏ ਸਾਂ, ਉਹ ਤਾਂ ਵਿਚੇ ਰਹਿ ਗਏ।

ਏਨੇ ਸ਼ਿਕਾਰੀ ਕੱਠੇ ਦੇਖ ਕੇ, ਅਸੀਂ ਦੋਵੇਂ ਘਬਰਾ ਗਏ,
ਸਵਰਗ ਤੋਂ ਪਿੱਛਾ ਛੁਡਾ, ਭਾਈ, ਧਰਤੀ ਤੇ ਆ ਗਏ।

ਮਾਂ

ਦੁੱਧ ਵੀ ਦੁੱਧ ਜਿਹਾ, ਚਾਵਲ ਤੇ ਚੀਨੀ ਵੀ ਓਹੀ।
ਪਰ ਕਿਸੇ ਨੂੰ ਮਾਂ ਜਿਹੀ ਖੀਰ ਬਨਾਣੀ ਨਹੀਂ ਆਈ।

ਕਹਾਣੀਆਂ ਪੜ੍ਹੀਆਂ ਤੇ ਸੁਣੀਆਂ ਨੇ ਬਹੁਤ, ਲੇਕਿਨ,
ਕਿਸੇ ਨੂੰ ਮਾਂ ਜਿਹੀ ਬਾਤ ਪਾਣੀ ਨਹੀਂ ਆਈ।

ਮੁੰਡੇ ਨੂੰ ਪਾਣੀ ਦਿਉ ਕੁੜੀਓ ਥੱਕਿਆ ਘਰ ਆਇਐ
ਜੀਂਦੀ ਸਾਂ ਤਾਂ ਮੁੰਡਾ ਸਾਂ ਬਾਦ ਜਵਾਨੀ ਨਹੀਂ ਆਈ।

ਪਾਸ਼ ਵੱਡੇ ਸ਼ਾਹੂਕਾਰਾ ਮਾਂ ਕੋ ਵੀ ਬਹਿ ਜਾਇਆ ਕਰ
ਕਿਸੇ ਨੂੰ ਕੰਨ ਫ਼ੜ ਨਾਨੀ ਯਾਦ ਕਰਾਣੀ ਨਹੀਂ ਆਈ।

ਕਰ ਬਹਾਨੇ ਤੇ ਕਹਾਣੀਆਂ ਮਾਂ ਨੂੰ ਖ਼ੂਬ ਰਿਝਾਂਦਾ ਸੀ,
ਜਦ ਗਈ ਰੁੱਸ ਕੇ ਮੈਨੂੰ ਕੋਈ ਕਹਾਣੀ ਨਹੀਂ ਆਈ।



ਘਿਣਤ ਲੋਕ

ਮੈਂ ਜਾਗਦਾਂ ਹਾਂ ਤੇ ਇਕ ਸੁਪਨਾ ਦੇਖਦਾਂ ਹਾਂ ਕੱਲ ਦਾ।
ਕਿ ਇਕ ਹਾਦਸੇ ਦਾ ਫ਼ੁੱਟਪਾਥ ਤੇ ਖਿਲਰਿਆ ਹੈ ਮਲ਼ਬਾ।

ਇਕ ਸਿਰ ਕੁਚਲ਼ਿਆ ਪਿਆ ਤੇ ਲਾਗੇ ਖੂਨ ਦਾ ਘੜਾ ਹੈ,
ਨਵੀਂ ਗੱਡੀ ਦੇ ਟਾਇਰਾਂ ਤੇ ਛਿੱਟਿਆਂ 'ਚ ਵਾਧਾ ਬੜਾ ਹੈ।

ਖ਼ੂਨ ਗੰਦਾ ਹੈ, ਕਾਲੇ ਰੰਗ ਦਾ ਹੈ, ਤਾਹੀਂ ਤਾਂ ਜ਼ੁਲਮ ਕੀਤੈ,
ਕਿ ਵਧੀਆ ਰੰਗ ਨੂੰ ਇਸਨੇ ਜਾਣ ਬੁਝ ਏਦਾਂ ਗੰਦਾ ਕੀਤੈ।

ਲਾਲ ਖ਼ੂਨ ਵਾਲੇ ਕਾਲੇ ਲੋਕ, ਫ਼ੁਟ ਪਾਥ ਤੇ ਸੌਂਦੇ ਕਿਉਂ ਨੇ,
ਐਵੇਂ ਮਹਿੰਗੇ ਟਾਇਰਾਂ ਨ ਚਿਪਕ ਕਾਲੇ ਦਾਗ਼ ਪਾਉਂਦੇ ਨੇ।

ਭਾਈ ਫ਼ੁਟਪਾਥਾਂ ਦੀ ਜਗਾਹ ਹੋਰ ਕਿਤੇ ਸੌਂ ਜਾਇਆ ਕਰੋ,
ਮਰ ਕੇ ਅਮੀਰ ਲੋਕਾਂ ਨੂੰ ਐਵੇਂ ਨਾ ਵਾਧੂ ਸਤਾਇਆ ਕਰੋ।

ਰਾਜਨੀਤੀ...

ਦਿੱਲੀਏ ਨੀ ਦਿੱਲੀਏ! ਨੀ ਤੂੰ ਭਾਗਾਂ ਸੜੀ ਨੀ,
ਡੀਜ਼ਲ ਤੇ ਵਿਚਾਰਾਂ ਦੀ ਤੇਤੇ ਗੰਦਗੀ ਚੜੀ ਨੀ।

ਤੇਰੀ ਤਾਂ ਨੀ ਦਿੱਲੀਏ, ਹਰ ਗੱਲ ਹੀ ਅਜੀਬ ਹੈ,
ਸੁਣਿਆਂ ਸੀ, ਰਾਜਨੀਤੀ ਦੀ ਵੀ ਤਹਿਜ਼ੀਬ ਹੈ।

ਸ਼ਾਇਸਤਾ ਲੋਗ ਕਦੇ, ਗਾਹਲਾਂ ਨਹੀਉਂ ਕੱਢਦੇ,
ਫੰਡਦੇ ਨੇ, ਲੈ ਡੰਡਾ ਵਿਚਾਰਾਂ ਨਾਲ ਫ਼ੰਡਦੇ।

ਜੋ ਮੂੰਹ ਚੋਂ ਹਵਾੜ ਆਉਂਦੀ ਢਿੱਡ 'ਚੋਂ ਨਿਕਲਦੀ
ਗੰਦਗੀ,ਗੰਦਗੀ ਹੀ ਰਹਿੰਦੀ ਸ਼ੀਸੇ 'ਚ ਨਿਤਰਦੀ।

ਜੋ ਸਮਝੇ ਸਨ ਸਾਫ਼ ਉਹ ਵੀ ਗੰਦਲੇ ਜਹੇ ਨਿਕਲੇ
ਸੱਤਾ ਕਯਾ ਐਸੀ ਚੀਜ਼ ਸਾਰੇ ਖੋਟੇ ਸਿੱਕੇ ਨਿਕਲੇ।

ਜਨਤਾ ਦਾ ਭਲਾ ਖੂਹ 'ਚ ਪ੍ਰਵਾਹ ਹੈ ਕੌਣ ਕਰਦਾ
ਹਰ ਦੋਸ਼ੀ ਆਪਣਾ ਦੋਸ਼, ਫ਼ਿਰੇ ਦੂਜੇ ਉਤੇ ਮੜ੍ਹਦਾ।

ਏਹ ਤਾਂ ਪਤਾ ਸੀ ਕਿ ਸਭੋ ਚੋਰਾਂ ਦੀ ਜਮਾਤ ਹੈ,
ਪਰ ਲੜਦੇ ਅਜਬ ਦੇਖੇ ਕੇਹੀ ਏਹ ਕਲਾਸ ਹੈ।

ਚੋਰ ਭਾਈ ਚੋਰ ਸਾਰੇ, ਕੋਈ ਛੋਟਾ ਨਾ ਬੜਾ ਹੈ,
ਲੁੱਟੋ ਖਾਉ ਤੇ ਲੁੱਟਣ ਦਿਉ ਹੁਣ ਕ੍ਯਾ ਝਗੜਾ ਹੈ।

ਸੱਪ ਮਰਦੇ ਦੇਖਿਆ ਸੀ ਦੀ ਕਹਾਣੀ ਯਾਦ ਆਈ,
ਦਾਦੀ ਕਿਹਾ; ਮਰਦਾ ਜ਼ਿਆਦਾ ਖਤਰਨਾਕ ਭਾਈ।

ਸ਼ਾਇਸਤਗੀ ਦੀ ਮੌਤ ਮਹਾਂਰਥੀ ਸਮਾਨ ਕਰ ਰਹੇ,
ਭਾਰਤ ਦਾ ਨਾਮ ਦੁਨੀਆਂ 'ਚ ਬਦਨਾਮ ਕਰ ਰਹੇ।

ਰੋਂਦੂ ਸ਼ਹਿਰ...

ਏਹ ਰੋਂਦੂ ਸ਼ਹਿਰ ਹੈ, ਭਾਈ! ਏਥੇ ਹੱਸਣਾ ਮਨਾ ਹੈ,
ਅਜ਼ਾਦੀ ਹੈ ਮਗਰ ਅਜ਼ਾਦੀ ਦੇ ਨਾਹਰੇ ਕੱਸਣਾ ਮਨਾ ਹੈ।

ਨਿਰਦੋਸ਼ ਤੇ ਕਹਿਰ ਵਰਸਾਉਣਾ ਆਉਂਦਾ ਹੈ ਸ਼ਹਿਰ ਨੂੰ,
ਜ਼ੀਰੋ ਤੋਂ ਹੀਰੋ ਬਨਾਉਣਾ ਵੀ, ਆਉਂਦਾ ਹੈ ਸ਼ਹਿਰ ਨੂੰ।

ਏਸ ਸ਼ਹਿਰ ਦੇ ਟੋਬਿਆਂ ਵਿਚ ਡੱਡੂ ਵੀ ਬੜੇ ਨੇ,
ਚਲਦੀ ਦਾ ਨਾਮ ਗਾੜੀ 'ਚ ਚੜ੍ਹਨ ਵਾਲੇ ਵੀ ਬੜੇ ਨੇ।

ਧੁੱਖਦੀ ਤੇ ਤੇਲ ਪਾਣ ਵਾਲੇ ਕਸੁਲਝੇ ਪਤਰਕਾਰ ਨੇ ਏਥੇ,
ਘਟੀਆ ਰਾਜਨੀਤਾਂ ਦੇ ਤਾਂ, ਗਰਕੇ ਕਿਰਦਾਰ ਨੇ ਏਥੇ।

ਨਮਕ ਵੀ ਸ਼ਹਿਰ ਦਾ ਖਾਂਦੇ ਨੇ, ਤੇ ਬੁਰਾ ਵੀ ਸੋਚਦੇ ਨੇ,
ਮੁੱਠੀ ਕੁ ਭਰ ਲੋਕ, ਜੜ੍ਹਾਂ 'ਚ ਤੇਲ ਦੇਣਾ ਵੀ ਲੋਚਦੇ ਨੇ।

ਇਸ ਸ਼ਹਿਰ ਦੀਆਂ ਕਰਤੂਤਾਂ ਸੁਣ ਸੁਣ ਥੱਕ ਗਿਆਂ ਮੈਂ,
ਬੱਸ ਹੋਰ ਬੁਰਾ ਸੁਣ ਨਹੀਂ ਹੁੰਦਾ ਦੋਸਤੋ ਅੱਕ ਗਿਆਂ ਮੈਂ।

ਜਿਥੇ ਰਹੋ ਉਸ ਦੇਸ਼ ਪ੍ਰਤੀ ਇਮਾਨਦਾਰੀ ਵੀ ਜ਼ਰੂਰੀ ਹੈ,
ਨਹੀਂ ਪਸੰਦ ਜੋ ਘਰ ਤਾਂ ਜਾਉ, ਭਾਈ ਕੀ ਮਜ਼ਬੂਰੀ ਹੈ?

ਏਸ ਸ਼ਹਿਰ 'ਚ ਪਲਿਆ ਹਾਂ, ਇਸਦੀ ਹਵਾ ਮੇਰੀ ਹੈ,
ਸਦਾ ਆਬਾਦ ਰਹੁ ਮੇਰੇ ਸ਼ਹਿਰ, ਏਹ ਦੁਆ ਮੇਰੀ ਹੈ।

ਬੇਸ਼ਕੀਮਤੀ ਹਾਸੇ ਹੁੰਦੇ...

ਬੇਸ਼ਕੀਮਤੀ ਹਾਸੇ ਹੁੰਦੇ, ਪਰ ਤੂੰ ਚਾਹੇਂ ਤਾਂ ਲੈ ਜਾ ਰਾਹੀਆ!
ਦੇਣਾ ਹੈ ਤਾਂ ਵੱਟੇ ਦੇ ਵਿਚ, ਦਿਲ ਝੋਲੀ ਸਾਡੀ ਪਾ ਰਾਹੀਆ।

ਜੋ ਪਹਿਲੀ ਨਜ਼ਰੇ ਤੇਰਾ ਹੋਇਆ, ਓਹ ਹੁਣ ਮੇਰੇ ਕੋਲ ਨਹੀਂ,
ਪਰ ਵੱਟੇ ਨੂੰ ਸਾਂਭਣ ਪਹਿਲਾਂ, ਜ਼ਰਾ ਕਰ ਹੋਠਾਂ ਦੇ ਕੋਲ ਲਈਂ।

ਸੋਚ ਸਮਝ ਕਰ ਸ਼ਾਹੂਕਾਰਾ ਕਰ ਘਾਟੇ ਦਾ ਵਿਉਪਾਰ ਰਹਿਉਂ,
ਇਕ ਮੁੱਸਕਣ ਇਕ ਤੱਕਣੀ ਬਦਲੇ, ਬੇਸ਼ਕੀਮਤੀ ਹਾਰ ਗਿਉਂ।

ਆਜਾ ਮੁੜਿਆ ! ਬਹਿ ਜਾ ਕੋਲੇ

ਆ ਜਾ ਮੁੜਿਆ! ਬਹਿ ਜਾ ਕੋਲੇ, ਪਿਆਰ ਦੀਆਂ ਦੋ ਗੱਲਾਂ ਕਰੀਏ।
ਫ਼ਿਰ ਤੋਂ ਬੇਲੋੜਾ ਜਿਹਾ ਹੱਸੀਏ, ਫ਼ਿਰ ਤੋਂ ਇਕ ਦੂਜੇ ਨਾਲ ਲੜੀਏ।

ਤੂੰ ਰੁੱਸੀਂ ਪਹਿਲਾਂ, ਬਿਲਾਵਜ਼ਾ ਹੀ, ਮੰਨੀ ਨਾ, ਮੈਂ ਕਿੰਨਾ ਮਨਾਵਾਂ,
ਤੇ ਫ਼ਿਰ ਦੋਵੇਂ ਰੁੱਸ ਜਾਵਾਂਗੇ ਆਪਾਂ, ਘਬਰਾਵਾਂਗੇ, ਹੁਣ ਕੀ ਕਰੀਏ?

ਮਲਕੜੇ ਜਿਹੇ ਤੂੰ ਅੱਖ ਬਚਾਕੇ, ਜ਼ਰਾ ਕੁ ਪਰੇ ਹੋ ਚੀਖ਼ ਮਾਰ ਦਈਂ,
ਦੇਖੀਂ ਕਿੰਜ ਆ ਹੱਥ ਚੁੰਮਦਾ ਹਾਂ, ਪੁੱਛਦਿਆਂ ਕੀ ਹੋਇਆ ਪਰੀਏ?

ਨਾਲ ਸ਼ਰਾਰਤ ਸੀਨੇ ਲਗ ਜਾਵੀਂ, ਸਾਰੀਆਂ ਭੁੱਲਾਂ ਬਖ਼ਸ਼ ਦੇਈ ਤਦ
ਮਨ ਹੀ ਮਨ ਖ਼ੁਸ਼ ਹੋ ਜਾਵਾਂਗਾ, ਦੇਖ! ਮੈਂ ਫ਼ਿਰ ਜਿਤਿਆ ਅੜੀਏ।

ਹੱਸਣਾ, ਲੜਣਾ, ਰੁੱਸਣਾ, ਮੰਨਣਾ, ਏਹੀ ਤਾਂ ਸਭ ਕੁਛ ਸੀ ਆਪਣਾ,
ਚਾਰ ਕਿਤਾਬਾਂ, ਇਕ ਅੱਧ ਕਾਪੀ ਤੇ ਉਗੜੇ ਦੁਗੜੇ ਚੰਦ ਹਾਸ਼ੀਏ।

ਕੋਈ ਹੁਣ ਮੇਰੇ ਨਾ ਰੁੱਸਦਾ ਈ ਨਈਂ ਤੇ ਮਨਾਉਣਾ ਭੁੱਲ ਗਿਆਂ ਮੈਂ,
ਹਰ ਕੋਈ ਇਜ਼ਤ ਕਰਦਾ ਡਰਦਾ, ਬਾਬੇ ਨਾਲ ਭਲਾ ਕਿਉਂ ਲੜੀਏ।

ਛੱਡ ਰੁੱਸਣ ਰੁਸਾਉਣ ਦੀਆਂ ਗੱਲਾਂ, ਹੇਰਾਫ਼ੇਰੀ ਮਨਾਉਣ ਦੀਆਂ ਗੱਲਾਂ,
ਠਾਹ ਸੀਨੇ ਨਾ ਲਾਉਣ ਦੀਆਂ ਗੱਲਾਂ ਜਿੱਤਣ ਤੇ ਹਰਾਉਣ ਦੀਆਂ ਗੱਲਾਂ,

ਕਰੀਏ ਆ ਬੱਚਿਆਂ ਦੀਆਂ ਗੱਲਾਂ, ਬੱਚਿਆਂ ਦੇ ਬੱਚਿਆਂ ਦੀਆਂ ਗੱਲਾਂ
ਡਾਕਟਰ ਤੇ ਕਿੰਨੇ ਸ਼ਾਹੂਕਾਰ, ਉਨ੍ਹਾਂ ਦੇ ਬੁਲੰਦ ਇਕਬਾਲ ਦੀਆਂ ਗੱਲਾਂ।

ਗੱਲਾਂ ਕਰਦਿਆਂ ਇਕ ਪਲ ਲਈ, ਆ 'ਅਜ' ਨੂੰ ਜ਼ਰਾ ਭੁੱਲ ਜਾਈਏ,
ਮਨ ਵਿਚ ਹੀ ਸਹੀ, 'ਕਲ'ਦੇ ਵਾਂਗੂੰ ਪਿਆਰ ਦੀਆਂ ਦੋ ਗੱਲਾਂ ਕਰੀਏ,

ਬੇਵਕਤਾ, ਬੇਲੋੜਾ ਜਿਹਾ ਹੱਸੀਏ, ਰੁੱਸੀਏ ਨਾ ਪਰ ਥੋੜਾ ਜਿਹਾ ਲੜੀਏ।
ਆ ਜਾ ਮੁੜਿਆ! ਬਹਿ ਮੇਰੇ ਕੋਲੇ, ਪਿਆਰ ਦੀਆਂ ਦੋ ਗੱਲਾਂ ਕਰੀਏ।